1920 ਤੋਂ

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 104
ਨੰਬਰ 22

੨ ਤੋਂ ੧੭ ਪੋਹ ੨੦੮੧ ਬਿ.
16 to 31 December 2024

# ਸਤਿਜੁਗ

ਸਤਿਗੁਰ ਕੀ ਬਾਣੀ ਸਦਾ ਸੁਖੁ ਹੋਇ ॥

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ, ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ

## ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ
## 11,000 ਸਹਿਜ ਪਾਠਾਂ ਦੇ ਭੋਗ

ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ

17 ਨਵੰਬਰ 2024, ਗੁਰਦੁਆਰਾ ਸ੍ਰੀ ਭੈਣੀ ਸਾਹਿਬ, ਲੁਧਿਆਣਾ (ਪੰਜਾਬ)



10/-

# ਸੰਗੀਤਕ ਸ਼ਾਮ




ਸੰਗੀਤ
ਸੰਮੇਲਨ


ਬਾਰ੍ਹਵਾਂ
ਸਤਿਗੁਰੂ
ਜਗਜੀਤ ਸਿੰਘ
ਸੰਗੀਤ
ਸੰਮੇਲਨ


ਸੰਗੀਤ
ਸੰਮੇਲਨ


15-16-17 ਨਵੰਬਰ 2024


ਸੰਗੀਤ
ਸੰਮੇਲਨ
ਪਾਵਨ ਹਜ਼ੂਰੀ ਵਿੱਚ



# ਸਤਿਜੁਗ

੨ ਤੋਂ ੧੭ ਪੋਹ ੨੦੮੧ ਬਿ.
16 ਤੋਂ 31 ਦਸੰਬਰ 2024 ਈ.
ਜਿਲਦ 104, ਨੰਬਰ 22



ਸਲਾਹਕਾਰ ਮੈਂਬਰ

ਹਰਵਿੰਦਰ ਸਿੰਘ ਹੰਸਪਾਲ, ਸੁਵਰਨ ਸਿੰਘ ਵਿਰਕ,
ਹਰਪਾਲ ਸਿੰਘ ਸੇਵਕ, ਸੰਤ ਨਿਸ਼ਾਨ ਸਿੰਘ,
ਗੁਰਭੇਜ ਸਿੰਘ ਗੁਰਾਇਆ

ਸੰਪਾਦਕ: ਗੁਰਲਾਲ ਸਿੰਘ
Editor: Gurlal Singh

Co. Editor - Dr. Khleel Khan,
Gurbhagat Singh
ਸਹਿ ਸੰਪਾਦਕ: ਡਾ. ਖਲੀਲ ਖਾਨ,
ਗੁਰਭਗਤ ਸਿੰਘ



*Printed and Published by*
*Mr. Harvendra Singh Hanspal*
*on behalf of Namdhari Darbar.*
*Printed at Summit advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਤਰਨ ਬੱਲ
ਯੁਵਰਾਜ ਸਿੰਘ



ਪੱਤਰ ਵਿਹਾਰ ਦਾ ਪਤਾ :
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 97800-97898,
99147-02201
***Email- Satjug@sribhainisahib.com***


# ਤਤਕਰਾ


* ਸੰਪਾਦਕੀ....................................................4
* ਗੁਰਬਾਣੀ ਵਿਆਖਿਆ.........................................6
* 'ਗੁਰਬਾਣੀ' ਅਤੇ 'ਨਮਾਜ਼'
  ਡਾ. ਖਲੀਲ ਖਾਨ......................................8
* ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ॥
  ਮਨਪ੍ਰੀਤ ਕੌਰ .......................................12
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ..............................16
* ਅੱਖੀਂ ਡਿੱਠਾ ਕਿੱਸਾ ਕੀਤਾ
  ਸੰਪਾ: ਸੁਵਰਨ ਸਿੰਘ ਵਿਰਕ..........................19
* KUDRAT (NATURE) IN GURU NANAK'S HOLISTIC VISION
  Dr. D. P. Singh..............................................22
* ਖ਼ਬਰਨਾਮਾ....................................................28
* Matrimonial...........................................................42


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ


## ਸੰਪਾਦਕੀ

ਰਹਬਰ/ਰਹਿਬਰ ਫਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਰਾਹ ਦਿਖਾਉਣ ਵਾਲਾ ਜਾਂ ਰਾਹ ਉਪਰ ਲੈ ਜਾਣ ਵਾਲਾ, ਆਗੂ, ਨੇਤਾ। ਰਹਿਬਰ ਆਪਣੀ ਜ਼ਿੰਦਗੀ ਨੂੰ ਐਸੀ ਸੱਚੀ ਲੋਅ ਬਣਾਉਂਦਾ ਹੈ ਜਿਸ ਕਾਰਨ ਉਸ ਦੀ ਕੌਮ ਦਾ ਭਵਿੱਖ ਡੂੰਘੇ ਹਨੇਰੇ ਤੋਂ ਬੱਚ ਜਾਂਦਾ ਹੈ। ਪਤਾਲ ਧੱਸੇ ਮਨੋਬਲ ਨੂੰ ਉੱਚਾ ਚੁੱਕਣਾ, ਸਕਾਰਾਤਮਿਕ ਸੋਚ ਦਾ ਹਥਿਆਰ ਦੇ ਕੇ ਅਜਿੱਤ ਦੁਸ਼ਮਨ ਨੂੰ ਹਰਾਉਣ ਦਾ ਹੌਂਸਲਾ ਦੇਣਾ ਹਰ ਤਰ੍ਹਾਂ ਦੀ ਕੁਰਬਾਨੀ ਲਈ ਸਮਾਜ ਨੂੰ ਤਿਆਰ ਕਰਨਾ ਸੱਚੀ ਰਹਿਬਰੀ ਹੈ।

ਸੱਚੇ ਰਹਿਬਰ ਅੰਦਰ ਦੂਰ ਅੰਦੇਸ਼ੀ, ਸੇਵਾ ਭਾਵਨਾ ਸੰਗਠਨ, ਸਮਰਪਨ, ਪ੍ਰਸਥਿਤੀਆਂ ਨੂੰ ਅਨੁਕੂਲ ਕਰਨ ਅਤੇ ਔਖੇ ਫੈਸਲੇ ਲੈਣ ਦੀ ਹਿੰਮਤ ਹੁੰਦੀ ਹੈ। ਐਸੇ ਰਹਿਬਰਾਂ ਦੇ ਨਾਮ ਇਤਿਹਾਸ ਵਿੱਚ ਸਦਾ ਚਮਕਦੇ ਰਹਿੰਦੇ ਹਨ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਕਾਲ

ਵਿਚੋਂ ਸਾਨੂੰ ਇਨ੍ਹਾਂ ਸਾਰੇ ਗੁਣਾ ਦੇ ਦਰਸ਼ਨ ਹੁੰਦੇ ਹਨ। ਨੌ ਸਾਲ ਦੀ ਉਮਰ ਵਿੱਚ ਹੀ ਆਪਣੇ ਪਿਤਾ ਲਈ ਇਹ ਫੈਸਲਾ ਕਰਨਾ ਕਿ "ਤੁਹਾਡੀ ਕੁਰਬਾਨੀ ਹੀ ਨਵੀਂ ਕ੍ਰਾਂਤੀ ਨੂੰ ਜਨਮ ਦੇਵੇਗੀ", ਆਪ ਦੀ ਸੋਚ ਨੂੰ ਸਪਸ਼ਟ ਕਰਦੀ ਹੈ। ਗੁਰੂ ਗੋਬਿੰਦ ਸਿੰਘ ਜੀ ਦੀ ਸਾਰੀ ਜੀਵਨ ਲੀਲਾ ਮੁਸ਼ਕਲ ਤੋਂ ਮੁਸ਼ਕਲ ਇਮਤਿਹਾਨਾਂ ਵਿਚੋਂ ਲੰਘੀ। ਹਰ ਇਸਿਤਕਬਾਲ ਤੋਂ ਬਾਅਦ ਨਵੀਂ ਮੁਸ਼ਕਿਲ ਨੂੰ ਇਸਕਿਬਾਲ ਆਖਿਆ। ਮਾਛੀਵਾੜੇ ਅਤੇ ਲੱਖੀ ਦੇ ਜੰਗਲਾ ਵਿਚ ਵੀ ਜ਼ਿੰਦਗੀ ਦੇ ਕਮਲ ਨੂੰ ਸੁਕਣ ਨਹੀਂ ਦਿੱਤਾ ਪ੍ਰੀਤਲੜੀ ਲਿਖਦੇ ਹਨ–

"ਸਾਰਾ ਮਨੁੱਖੀ ਇਤਿਹਾਸ ਏਸ ਗੱਲ ਦੀ ਗਵਾਹੀ ਦੇਂਦਾ ਹੈ ਕਿ ਜਿਨਾ ਇਸ਼ਕ ਕਿਸੇ ਦਾ ਜ਼ਿੰਦਗੀ ਨਾਲ ਹੁੰਦਾ ਹੈ, ਜਿੰਨਾਂ ਵਿਸ਼ਵਾਸ ਕਿਸੇ ਦਾ ਜਿੰਦਗੀ ਦੀਆਂ ਸੰਭਾਵਨਾਵਾਂ ਵਿੱਚ ਹੁੰਦਾ ਹੈ, ਓਨਾ ਹੀ ਉਹ ਜਿੰਦਗੀ ਲਈ ਸੰਘਰਸ਼ ਕਰ ਸਕਦਾ ਹੈ, ਜ਼ਿੰਦਗੀ ਲਈ ਬਾਧਕ ਅਸਥਾਵਾਂ ਨਾਲ ਘੁੱਲ ਸਕਦਾ ਹੈ। ਔਰੰਗਜੇਬ ਵਰਗੇ ਚਕਰਵਰਤੀ ਤੇ ਹੋਰਨਾਂ ਮਜ਼੍ਹਬਾ ਲਈ ਬੇ–ਤਰਸ ਬਾਦਸ਼ਾਹ ਨਾਲ ਟਕਰ ਲੈ ਲੈਣੀ ਸੱਚ ਸੁੱਚ ਚਿੜੀਆਂ ਤੋਂ ਬਾਜ਼ ਤੁੜਾਣ ਵਾਲਾ ਕਰਿਸ਼ਮਾ ਹੈ।"

ਗੁਲਾਮ ਅਤੇ ਵਿਚਾਰਧਾਰਾ ਪਖੋਂ ਦੀਵਾਲੀਆ ਹੋਈ ਭਾਰਤੀ ਮਾਨਸਿਕਤਾ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਕੁਰਬਾਨੀ ਭਰੇ ਜੁਝਾਰੂ ਗੀਤ ਨਾਲ ਟੁੰਬਿਆ ਅਤੇ ਸੱਚੇ ਅਧਿਆਤਮ ਲਈ ਰਾਹ ਪੱਧਰ ਕੀਤਾ। ਪੰਜਾਬ ਅੰਦਰ ਇਕ ਨਵੇਂ ਮਨੁੱਖ ਦਾ ਆਗਮਨ ਹੋਇਆ ਜੋ ਇਸ ਵਿਚਾਰ ਦਾ ਧਾਰਨੀ ਸੀ।"

ਜਬ ਆਵ ਕੀ ਆਉਧ ਨਿਦਾਨ ਬਨੈ
ਅਤਿ ਹੀ ਰਨ ਮੈ ਤਬ ਜੂਝ ਮਰੋਂ॥

ਜਾਂ

ਬਲ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ॥
ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮਹੀ ਹੋਤ ਸਹਾਇ॥

ਭਾਵ– ਜਦੋਂ ਵੀ ਸਥਿਤੀ ਮੇਰੇ ਪ੍ਰੀਤਕੂਲ ਹੋਵੇ ਮੈਂ ਸੰਘਰਸ਼ ਕਰਨ ਲਈ ਤੱਤਪਰ ਹੋ ਜਾਵਾਂ ਅਤੇ ਅੰਦਰੂਨੀ ਤਾਕਤ ਨਾਲ ਹੀ ਸਾਰੇ ਬੰਧਨ ਖਤਮ ਹੁੰਦੇ ਹਨ।

ਆਪ ਨੇ ਗੁਰਗੱਦੀ ਸੰਭਾਲਦਿਆਂ ਹੀ ਨਵੇਂ ਅੰਦੋਲਨ ਦਾ ਆਰੰਭ ਰਣਜੀਤ ਨਗਾਰਾ ਵਜਾ ਕੇ ਕਰ ਦਿੱਤਾ। ਸਿੱਖਾਂ ਅੰਦਰ ਭਗਤੀ ਦੇ ਨਾਲ ਸ਼ਕਤੀ ਦਾ ਐਸਾ ਸੁੰਦਰ ਸੁਮੇਲ ਬਣਇਆ ਕਿ ਆਪ ਦੇ ਸਿੱਖ ਨੂੰ ਲੋਕਾਈ ਨੇ ਸੰਤ ਸਿਪਾਹੀ ਆਖਿਆ।

ਧੰਨ ਜੀਉ ਤਿਹ ਕੋ ਜਗ ਮੈ
ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥

ਆਪ ਦੀ ਨਜ਼ਰ ਵਿੱਚ ਇਕ ਸੰਪੂਰਨ ਮਨੁੱਖ (ਖਾਲਸਾ) ਉਹ ਹੈ ਜੋ ਆਪਣੇ ਅੰਦਰੋਂ, ਗੁਲਾਮੀ, ਪੱਖਪਾਤ, ਅਨੈਤਿਕਤਾ ਖਤਮ ਕਰਦਾ ਹੈ ਅਤੇ ਸਦ ਗੁਣਾ ਦਾ ਧਾਰਨੀ ਹੁੰਦਾ ਹੈ। 'ਖਾਲਸਾ' ਸ਼ਬਦ ਦੀ ਵਿਸ਼ਾਲਤਾ ਨੂੰ ਤਨਖਾਹ ਨਾਮ ਵਿੱਚ ਭਾਈ ਨੰਦ ਲਾਲ ਜੀ ਨੇ ਬਾਖ਼ੂਬੀ ਦੱਸਿਆ ਹੈ।

ਖਾਲਸਾ ਸੋ ਜੁ ਪੰਚਾਂ ਕਉ ਮਾਰੈ॥
ਖਾਲਸਾ ਸੋ ਜੁ ਕਰਮਾਂ ਕੋ ਸਾੜੈ॥
ਖਾਲਸਾ ਸੋ ਜੁ ਮਾਨ ਤਿਆਗੈ॥
ਖਾਲਸਾ ਸੋ ਜੁ ਅਨੁਦਿਕ ਤਿਆਗੈ॥

# ਗੁਰਬਾਣੀ ਵਿਆਖਿਆ - ਚੰਡੀ ਦੀ ਵਾਰ

**ਇਕਿ ਧਾਵਨ ਦੁਰਗਾ ਸਾਮਣੇ ਜਿਉ ਭੁਖਿਆਏ ਪਾਜੀ॥**

ਕਈ ਦੁਰਗਾ ਦੇ ਸਾਹਮਣੇ ਇੰਜ ਦੌੜ ਕੇ ਆਉਂਦੇ ਸਨ, ਜਿਵੇਂ ਭੁੱਖੇ ਲੋਕ ਰੋਟੀ ਨੂੰ ਧਾਹ ਕੇ ਪੈਂਦੇ ਹਨ।

The way they ran towards Durga, looked like starving people chasing food.

**ਕਦੇ ਨ ਰੱਜੇ ਜੁੱਝ ਤੇ ਰਜਿ ਹੋਏ ਰਾਜੀ॥45॥**

ਜੰਗ ਕਰਦਿਆਂ ਕਦੇ ਨਾ ਰੱਜਣ ਵਾਲੇ ਸੂਰਮੇ ਵੀ ਖੁਸ਼ ਹੋ ਗਏ ਸਨ।

The war hungry warriors had now found contentment.

**ਪਉੜੀ॥**
**ਬੱਜੇ ਸੰਗਲੀਆਲੇ ਸੰਘਰ ਡੋਹਰੇ॥**

ਸੰਗਲਾਂ ਵਾਲੇ ਨਗਾਰੇ ਜੰਗ ਵਿੱਚ ਦੋਵਾਂ ਪਾਸਿਆਂ ਤੋਂ ਵੱਜਣ ਲੱਗ ਪਏ।

The two chained trumpets were blown, sounding the start of the war.

**ਡਹੇ ਜੁ ਖੇਤ ਜਟਾਲੇ ਹਾਠਾਂ ਜੋੜਿਕੈ॥**

ਟੋਲੀਆਂ ਬੰਨ੍ਹ ਕੇ ਭਿਆਨਕ ਰਾਖਸ਼ ਜੰਗ ਵਿੱਚ ਉੱਤਰੇ।

Combining regiments the dreadlock haired demons arrived into the war arena.

**ਨੇਜੇ ਬੰਬਲੀਆਲੇ ਦਿੱਸਨ ਓਰੜੇ॥**

ਉੱਚੇ ਚੁੱਕੇ ਹੋਏ ਫੁੰਮਣਾਂ ਵਾਲੇ ਨੇਜੇ ਇੰਜ ਦਿੱਸ ਰਹੇ ਸਨ।

The lances decorated with tassels were being held up high, from far they looked like...

**ਚੱਲੇ ਜਾਣੁ ਜਟਾਲੇ ਨਾਵਣ ਗੰਗ ਨੂ॥46॥**

ਜਿਵੇਂ ਜਟਾਂਵਾਂ ਵਾਲੇ ਸਾਧ ਗੰਗਾ ਇਸ਼ਨਾਨ ਲਈ ਜਾ ਰਹੇ ਹੋਣ।

Saint's with dreadlock hair, travelling to the river Ganga to bathe.

**ਪਉੜੀ॥**
**ਦੁਰਗਾ ਅਤੈ ਦਾਨਵੀਂ ਸੂਲ ਹੋਈਆਂ ਕੰਗਾਂ॥**

ਦੁਰਗਾ ਅਤੇ ਦੈਂਤਾਂ ਦੇ ਦਲ ਆਹਮੋ-ਸਾਹਮਣੇ ਹੋ ਕੇ ਇੱਕ ਦੂਜੇ ਨੂੰ ਸੂਲਾਂ ਵਾਂਗੂੰ ਚੁੱਭਣ ਲੱਗੇ।

The army of Durga and the demons stabbed each other like thorns.

**ਵਾਛੜ ਘੱਤੀ ਸੂਰਿਆਂ ਵਿਚ ਖੇਤ ਖਤੰਗਾਂ॥**

ਸੂਰਮਿਆਂ ਨੇ ਮੈਦਾਨੇ-ਜੰਗ ਵਿੱਚ ਤੀਰਾਂ ਦਾ ਮੀਂਹ ਵਰ੍ਹਾ ਦਿੱਤਾ।

They fired a storm of arrows onto the battlefield.

**ਧੂਹਿ ਕ੍ਰਿਪਾਣਾ ਤਿੱਖੀਆਂ ਬਢ ਲਾਹਨਿ ਅੰਗਾਂ॥**

ਤਿੱਖੀਆਂ ਤਲਵਾਰਾਂ ਨਾਲ ਸੂਰਮੇ ਇੱਕ ਦੂਜੇ ਦੇ ਸਰੀਰਾਂ ਦੇ ਟੁੱਕੜੇ ਕਰ ਰਹੇ ਸਨ।

Soldiers were being sliced into pieces with sharp swords.

**ਪਹਿਲਾਂ ਦਲਾਂ ਮਿਲੰਦਿਆਂ ਭੇੜ ਪਇਆ ਨਿਹੰਗਾਂ॥47॥**

ਦਲਾਂ ਦਾ ਟਾਕਰਾ ਹੁੰਦਿਆਂ ਹੀ ਸੱਭ ਤੋਂ ਪਹਿਲਾਂ ਨਿਰਭੈ ਯੋਧੇ ਮਰਨ-ਮਾਰਨ ਲਈ ਨਿੱਤਰ ਪਏ।

Those who were amongst the first to kill or die were fearless.

**ਪਉੜੀ॥**

**ਓਰੜਿ ਫਉਜਾਂ ਆਈਆਂ ਬੀਰ ਚੜ੍ਹੇ ਕੰਧਾਰੀ॥**

ਸੂਰਮੇ ਫੌਜਦਾਰਾਂ ਦੀ ਕਮਾਨ ਹੇਠ ਫੌਜਾਂ ਜੰਗ ਦੇ ਚਾਅ ਵਿੱਚ ਅੱਗੇ ਵਧੀਆਂ।

Warriors marched with enthusiasm, behind the battalion of archers.

**ਸੜਕਿ ਮਿਆਨੋ ਕਢੀਆਂ ਤਿਖੀਆਂ ਤਰਵਾਰੀ॥**

ਸਰ ਸਰਾਹਟ ਦੀ ਆਵਾਜ਼ ਕਰਦੀਆਂ ਮਿਆਨਾਂ 'ਚੋਂ ਤੇਜ਼ ਤਲਵਾਰਾਂ ਕੱਢ ਲਈਆਂ।

Upon hearing the arrows being fired they pulled out sharp swords.

**ਕੜਕਿ ਉਠੇ ਰਣ ਮੱਚਿਆ ਵੱਡੇ ਹੰਕਾਰੀ॥**

ਵੱਡੇ ਅਭਿਮਾਨੀ ਕੜਕ ਕੇ ਉੱਠ ਖਲੋਤੇ ਅਤੇ ਜੰਗ ਭਖ ਪਿਆ।

These egomaniacs roared into war.

**ਸਿਰ ਧੜ ਬਾਹਾਂ ਗੰਨਲੇ ਫੁਲ ਜੇਹੇ ਬਾਰੀ॥**

ਸਿਰਾਂ, ਧੜਾਂ ਅਤੇ ਬਾਹਾਂ ਦੇ ਟੋਟੇ ਯੁੱਧ-ਭੂਮੀ 'ਚ ਇੰਜ ਖਿੱਲਰੇ ਪਏ ਸਨ, ਜਿਵੇਂ ਬਗੀਚੀ ਵਿੱਚ ਫੁੱਲ ਖਿੜੇ ਹੋਣ।

Body parts including heads and arms were scattered like flower pettles in a garden.

**ਜਾਪੇ ਕੱਟੇ ਬਾਢੀਆਂ ਰੁਖ ਚੰਦਨ ਆਰੀ॥48॥**

ਟੋਟੇ ਇਓਂ ਮਾਲੂਮ ਪੈਂਦੇ ਸਨ, ਜਿਵੇਂ ਤਰਖਾਣਾਂ ਨੇ ਆਰੀਆਂ ਨਾਲ ਚੰਦਨ ਦੇ ਰੁੱਖ ਵੱਢ ਦਿੱਤੇ ਹੋਣ।

Their bodies had been cut skilfully like a carpenter with sandalwood.

**ਪਉੜੀ॥**

**ਦੁਹਾਂ ਕੰਧਾਰਾਂ ਮੁਹਿ ਜੁੜੇ ਜਾਂ ਸਟ ਪਈ ਖਰਵਾਰ ਕਉ॥**

ਨਗਾਰੇ 'ਤੇ ਚੋਟ ਵੱਜਣ ਮਗਰੋਂ ਦੋਵੇਂ ਫੌਜਾਂ ਆਹਮੋ-ਸਾਹਮਣੇ ਹੋਈਆਂ।

Both armies faced each other on the sound of the war drum.

**ਤਣਿ ਤਣਿ ਕੈਬਰ ਦੁਰਗਸ਼ਾਹ ਤਕਿ ਮਾਰੇ ਭਲੇ ਜੁਝਾਰ ਕਉ॥**

ਚੰਡਿਕਾ ਨੇ ਵੱਡੇ ਸੂਰਵੀਰਾਂ ਨੂੰ ਵੇਖ ਕੇ ਤਾਣ-ਤਾਣ ਕੇ ਤੀਰ ਮਾਰੇ।

Chandika fired arrows relentlessly at the mighty demon soldiers.

**ਨਾਮਧਾਰੀ ਨਿਤਨੇਮ ਸਟੀਕ 'ਚੋਂ**

# 'ਗੁਰਬਾਣੀ' ਅਤੇ 'ਨਮਾਜ਼'



**ਡਾ. ਖਲੀਲ ਖਾਨ**
**9914055472**

ਹਰ ਧਰਮ ਦੇ ਸਿਰਜਣਹਾਰੇ ਆਪਣੇ ਪੈਰੋਕਾਰਾਂ ਨੂੰ ਪ੍ਰਮਾਤਮਾ ਜਾਂ ਉਸ 'ਅਦਿੱਖ ਸ਼ਕਤੀ' ਨਾਲ ਜੋੜਣ ਜਾਂ ਉਸ ਦਾ ਸ਼ੁਕਰਨਾ ਕਰਨ ਲਈ ਕੁਝ ਨਿਯਮ ਜਾਂ ਨੁਕਤੇ ਤਹਿ ਕਰਦੇ ਹਨ। ਜਿਸ ਦੇ ਫਲਸਰੂਪ ਉਸ ਦੇ ਪੈਰੋਕਾਰ ਇਹਨਾਂ ਨਿਯਮਾਂ ਦੀ ਪਾਲਣਾ ਕਰਦੇ ਹੋਏ ਆਪਣੇ ਸੰਸਾਰਿਕ ਅਤੇ ਅਧਿਆਤਮਿਕ ਜੀਵਨ ਦਾ ਰਾਹ ਸੁਖਾਲਾ ਕਰਦੇ ਹਨ। ਧਰਮ ਅਧੀਨ ਹੀ ਇਹਨਾਂ ਨਿਯਮਾਂ ਨੂੰ ਨਿਤਨੇਮ ਬਣਾ ਲਿਆ ਜਾਂਦਾ ਹੈ ਅਤੇ ਇਸ ਤਰ੍ਹਾਂ ਇਹ ਨਿਯਮ ਆਤਮਿਕ ਸੁੱਖ ਦਾ ਸਾਧਨ ਹੋ ਨਿਬੜਦੇ ਹਨ। ਹਰ ਇੱਕ ਧਰਮ ਦੇ ਆਪਣੇ ਵੱਖਰੇ ਨਿਯਮ ਹਨ ਅਤੇ ਵੱਖਰੇ ਢੰਗ ਨਾਲ ਇਹਨਾਂ ਦੀ ਪਾਲਣਾ ਕੀਤੀ ਜਾਂਦੀ ਹੈ। ਜੇਕਰ ਅਸੀਂ ਇਸਲਾਮ ਅਤੇ ਸਿੱਖ ਧਰਮ ਦੀ ਗੱਲ ਕਰਦੇ ਹਾਂ ਤਾਂ ਇਹਨਾਂ ਦੇ ਪ੍ਰਮਾਤਮਾ ਨੂੰ ਯਾਦ ਕਰਨ ਦੇ ਢੰਗ ਵੱਖਰੇ ਹਨ ਪਰ ਦੋਵਾਂ ਧਰਮਾਂ ਦਾ ਵਿਸ਼ਵਾਸ਼ ਇੱਕ ਰੱਬ ਭਾਵ 'ਪ੍ਰਮਾਤਮਾ' ਜਾਂ 'ਅੱਲਾਹ' ਵਿੱਚ ਹੈ। ਇਸੇ ਤਰ੍ਹਾਂ ਇਸਲਾਮ ਧਰਮ ਦੇ ਨਿੱਤਨੇਮ ਵਿੱਚ ਪੰਜ ਨਮਾਜ਼ਾਂ ਅਤੇ ਸਿੱਖ ਧਰਮ ਵਿੱਚ ਪੰਜ ਬਾਣੀਆਂ ਦਾ ਸਿਮਰਨ ਸ਼ਾਮਲ ਹੈ।

ਜੇਕਰ ਅਸੀਂ ਨਮਾਜ਼ ਦੀ ਗੱਲ ਕਰਦੇ ਹਾਂ ਤਾਂ ਨਮਾਜ਼ ਪਰਸ਼ੀਅਨ ਸ਼ਬਦ ਹੈ, ਜਿਸ ਦਾ ਸ਼ਾਬਦਿਕ ਅਰਥ ਹੈ 'ਸ਼ਰਧਾ'। ਪਰ ਜੋ ਸ਼ਬਦ ਮੂਲ ਰੂਪ ਨਮਾਜ਼ ਦੀ ਥਾਂ ਕੁਰਾਨ ਵਿੱਚ ਦਰਜ਼ ਹੈ ਉਹ ਸ਼ਬਦ ਹੈ 'ਸਲਾਤ'। ਅਰਬੀ ਭਾਸ਼ਾ ਵਿੱਚ 'ਸਲਾਤ' ਦਾ ਸ਼ਾਬਦਿਕ ਅਰਥ ਹੈ, ਅਰਦਾਸ। ਇਸਲਾਮ ਦੇ ਅਨੁਸਾਰ 622 ਈ: ਵਾਲੇ ਸਾਲ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਨੂੰ 'ਇਸਰਾ ਅਤੇ ਮਿਰਾਜ' ਦੇ ਦਿਨ (ਜੰਨਤ ਵੱਲ ਯਾਤਰਾ ਵਾਲਾ ਦਿਨ)[1] ਅੱਲ੍ਹਾ ਕੋਲੋਂ ਪੰਜ ਨਮਾਜ਼ਾਂ (ਸਲਾਤ) ਦੀ ਬਖਸ਼ਿਸ਼ ਹੋਈ ਸੀ। ਇਸ ਤੋਂ ਬਾਅਦ ਮੁਸਲਮਾਨਾਂ ਵਿੱਚ ਪੰਜ ਨਮਾਜ਼ਾਂ ਦਾ ਨਿਤਨੇਮ ਸ਼ੁਰੂ ਹੋਇਆ ਅਤੇ ਇਹ ਪੰਜ ਨਮਾਜ਼ਾਂ ਇਸਲਾਮ ਧਰਮ ਦੀ ਜ਼ਰੂਰੀ ਸ਼ਰਤ ਹੋ ਗਈਆਂ।[2] ਅਰਬ ਦੇਸ਼ਾਂ ਵਿੱਚ ਅੱਜ ਵੀ 'ਨਮਾਜ਼' ਨੂੰ 'ਸਲਾਤ' ਹੀ ਕਿਹਾ ਜਾਂਦਾ ਹੈ। ਇਸਲਾਮ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਨਾਲ ਇਸਲਾਮ ਧਰਮ ਦੇ ਸਿਧਾਂਤ ਅਤੇ ਨਿਯਮ ਹੋਰਨਾਂ ਦੇਸ਼ਾਂ ਅਤੇ ਖੇਤਰਾਂ ਵਿਚ ਪਹੁੰਚੇ।

ਇਤਿਹਾਸਕਾਰਾਂ ਅਨੁਸਾਰ 712 ਈ. ਵਿੱਚ ਮੁਹੰਮਦ ਕਾਸਿਮ ਪਹਿਲੇ ਮੁਸਲਿਮ ਹਮਲਾਵਰ ਦੇ ਰੂਪ ਵਿੱਚ ਇਸਲਾਮ ਧਰਮ ਨੂੰ ਨਾਲ ਲੈ ਭਾਰਤ ਪਹੁੰਚਿਆ, ਪਰ ਅਜੋਕੀਆਂ ਇਤਿਹਾਸਿਕ ਖੋਜਾਂ ਵਿੱਚ ਇਹ ਨਿਸਚਿਤ ਹੋਇਆ ਹੈ ਕਿ ਮੁਹੰਮਦ ਕਾਸਿਮ ਤੋਂ ਪਹਿਲਾਂ ਵੀ ਕਈ ਅਰਬ ਦੇ ਮੁਸਲਿਮ ਵਪਾਰੀ ਭਾਰਤ ਆਉਂਦੇ ਰਹੇ, ਜਿਸ ਦੀ ਉਦਾਹਰਨ ਹਜ਼ਰਤ ਮੁਹੰਮਦ ਸਾਹਿਬ ਦੇ ਸਮਕਾਲ ਹੀ 629 ਈ. ਵਿੱਚ ਕੇਰਲਾ (ਭਾਰਤ) ਵਿੱਚ ਬਣੀ 'ਚੇਰਾਮਨ ਜੁੰਮਾ ਮਸਜਿਦ' ਹੈ।[3] ਪਰ ਇਹਨਾਂ ਵਪਾਰੀਆਂ ਦਾ ਧਰਮ ਇਹਨਾਂ ਦੀ ਆਪਣੀ ਨਿੱਜੀ ਜਿੰਦਗੀ ਤੱਕ ਹੀ ਸੀਮਿਤ ਸੀ, ਇਹਨਾਂ ਦਾ ਮਕਸਦ ਧਰਮ ਦਾ ਪ੍ਰਚਾਰ ਕਰਨਾ ਨਹੀਂ ਸਗੋਂ ਆਪਣੇ ਹਿੱਸੇ ਆਏ ਰੋਜ਼ਾਨਾ ਧਾਰਮਿਕ ਕਰਤੱਵਾਂ ਦਾ ਪਾਲਣ ਕਰਨਾ ਸੀ।

ਮੱਧ ਕਾਲ ਵਿੱਚ ਅਸੀਂ ਵੇਖਦੇ ਹਾਂ ਕਿ ਇਸਲਾਮ ਧਰਮ ਦੇ ਪ੍ਰਸਾਰ ਦੀ ਲੋੜ ਵਿਦੇਸ਼ੀ ਹਮਲਾਵਰਾਂ ਨੇ ਜਿੱਤੇ ਹੋਏ ਗੈਰ ਇਸਲਾਮਿਕ ਖੇਤਰਾਂ ਵਿੱਚ ਜਿਆਦਾ ਮਹਿਸੂਸ ਕੀਤੀ ਕਿਉਂਕਿ ਉਹ ਜਾਣਦੇ ਸਨ ਕਿ ਉਹਨਾਂ ਦੇ ਆਪਣੇ ਧਰਮ ਦੇ ਪੈਰੋਕਾਰ ਉਹਨਾਂ ਦੀ ਸੱਤਾ ਦੀ ਹਾਮੀ ਭਰਨ ਲਈ ਬਹੁਤ ਹੀ ਫਾਇਦੇਮੰਦ ਸਨ ਅਤੇ ਧਾਰਮਿਕ ਬਗਾਵਤਾਂ ਦਾ ਅੰਤ ਇਹੀ

ਸੀ ਕਿ ਆਪਣੇ ਧਰਮ ਨੂੰ ਪ੍ਰਚਾਰਿਆ ਪ੍ਰਸਾਰਿਆ ਜਾਵੇ। ਜਿੰਨੇ ਜਿਆਦਾ ਲੋਕ ਬਾਦਸ਼ਾਹ ਦੇ ਆਪਣੇ ਧਰਮ ਦੇ ਹੋਣਗੇ ਉਨਾਂ ਹੀ ਬਗਵਤਾਂ ਦਾ ਡਰ ਘਟੇਗਾ, ਹਾਂ ਕੁਝ ਕੱਟੜ ਬਾਦਸ਼ਾਹ ਦਾਰ ਉਲ ਹਰਬ ਦੀ ਥਾਂ ਦਾਰ-ਉਲ-ਇਸਲਾਮ ਦੀ ਸਥਾਪਤੀ ਦੇ ਸਿਧਾਂਤ ਨੂੰ ਮੁੱਖ ਮੰਨ ਕੇ ਇਸਲਾਮਿਕ ਕਬਜੇ ਨੂੰ ਆਪਣਾ ਧਾਰਮਿਕ ਕਰਤੱਵ ਵੀ ਸਮਝਦੇ ਰਹੇ।[4] ਮੱਧਕਾਲ ਸਮੇਂ ਹਾਕਮਾਂ ਦੁਆਰਾ ਜਬਰਦਸਤੀ ਜਾਂ ਇਨਾਮਾਂ ਦੁਆਰਾ ਪਰਜਾ ਨੂੰ ਆਪਣੇ ਧਰਮ ਵਿੱਚ ਸ਼ਾਮਲ ਕਰਨਾ ਉਹਨਾਂ ਦੀ ਪਹਿਲਕਦਮੀ ਰਹੀ ਹੈ ਪਰ ਸ਼ੁਰੂਆਤੀ ਹਮਲਾਵਰਾਂ ਦੁਆਰਾ ਇਨਾਮਾਂ ਜਾਂ ਇਸਲਾਮ ਦੀਆਂ ਸਿੱਖਿਆਵਾਂ ਰਾਹੀਂ ਲੋਕਾਂ ਨੂੰ ਇਸਲਾਮ ਵਿੱਚ ਸ਼ਾਮਿਲ ਕੀਤਾ ਗਿਆ, ਔਰੰਗਜ਼ੇਬ ਦੇ ਸਮੇਂ ਜਬਰੀ ਧਰਮ ਕਬੂਲ ਕਰਵਾਉਣ ਦਾ ਪ੍ਰਚਲਣ ਵੀ ਰਿਹਾ ਪਰ ਇਹ ਸਿਰਫ ਸਮਾਜ ਦੇ ਪ੍ਰਭਾਵਕਾਰੀ ਵਿਅਕਤੀਆਂ ਉੱਪਰ ਹੀ ਲਾਗੂ ਕੀਤਾ ਜਾਂਦਾ ਸੀ ਤਾਂ ਜੋ ਉਹਨਾਂ ਪ੍ਰਭਾਵਸ਼ਾਲੀ ਵਿਅਕਤੀਆਂ ਦੇ ਨਾਲ ਹੀ ਇਹਨਾਂ ਦੇ ਪ੍ਰਭਾਵ ਅਧੀਨ ਆਉਂਦੇ ਲੋਕਾਂ ਨੂੰ ਸੁਭਾਵਿਕ ਹੀ ਆਪਣੇ ਧਰਮ ਨਾਲ ਜੋੜ ਲਿਆ ਜਾਵੇ।

ਭਾਰਤ ਵਿੱਚ ਇਸਲਾਮ ਦਾ ਪਹਿਲਾ ਵੱਡਾ ਪਸਾਰਾ ਉਮੈਦ ਵੰਸ਼ ਦੇ ਮੁਹੰਮਦ ਕਾਸਿਮ ਦੇ ਸਿੰਧ ਉੱਪਰ ਹਮਲੇ (712 ਈ.) ਨਾਲ ਹੋਇਆ। ਉਸ ਤੋਂ ਬਾਅਦ ਇਹ ਸਿਲਸਿਲਾ ਮਹਿਮੂਦ ਗਜ਼ਨਵੀ ਅਤੇ ਮੁਹੰਮਦ ਗੌਰੀ ਦੇ ਭਾਰਤ ਉੱਪਰ 9ਵੀਂ 10ਵੀਂ ਸਦੀ ਦੇ ਹਮਲਿਆਂ ਨਾਲ ਹੋਰ ਜਿਆਦਾ ਤੇਜ਼ ਹੋਇਆ ਅਤੇ ਮੁਗਲਾਂ ਦੇ ਭਾਰਤੀ ਸੱਤਾ ਵਿੱਚ ਆ ਜਾਣ ਤੱਕ ਮੁਸਲਿਮ ਧਰਮ ਦਾ ਪਸਾਰਾ ਕਾਫੀ ਜਿਆਦਾ ਹੋ ਚੁੱਕਾ ਸੀ। 1535 ਈ. ਤੱਕ ਭਾਰਤ ਵਿੱਚ ਮੁਸਲਮਾਨਾਂ ਦੀ ਗਿਣਤੀ 12.8 ਮਿਲੀਅਨ ਸੀ।[5] ਸਿੱਖ ਧਰਮ ਦੀ ਸ਼ੁਰੂਆਤ (15 ਵੀਂ ਸਦੀ) ਤੱਕ ਲੱਗਭਗ 700 ਸਾਲਾਂ ਵਿੱਚ ਮੁਸਲਿਮ ਧਰਮ ਭਾਰਤੀ ਸੰਸਕ੍ਰਿਤੀ ਵਿੱਚ ਆਪਣਾ ਇੱਕ ਵਿਲੱਖਣ ਸਥਾਨ ਬਣਾ ਚੁੱਕਾ ਸੀ।ਭਾਰਤੀ ਖਾਸ ਕਰ ਪੰਜਾਬੀ ਸਾਹਿਤ ਅਤੇ ਸੱਭਿਆਚਾਰ ਵਿਚ ਇਸਲਾਮ ਦੇ ਰੀਤੀ ਰਿਵਾਜਾਂ ਨੂੰ ਜਗ੍ਹਾ ਮਿਲਣੀ ਸ਼ੁਰੂ ਹੋ ਗਈ ਸੀ।ਇਥੋਂ ਤੱਕ ਕਿ 'ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਗੁਰੂਆਂ ਦੁਆਰਾ ਮੁਸਲਿਮ ਰੂਹਾਨੀ ਕਵੀਆਂ ਦੀ ਬਾਣੀ ਨੂੰ ਸ਼ਾਮਿਲ ਕੀਤਾ ਗਿਆ ਅਤੇ ਗੁਰੂ ਨਾਨਕ ਦੇਵ ਜੀ ਸਮੇਤ ਗੁਰੂਆਂ ਅਤੇ ਭਗਤਾਂ ਦੁਆਰਾ ਮੁਸਲਿਮ ਰੀਤਾਂ ਨੂੰ ਲਿਖਤਾਂ ਦਾ ਵਿਸ਼ਾ ਬਣਾਇਆ ਗਿਆ, ਜਿਵੇਂ ਵਜ਼ੂ, ਨਮਾਜ਼, ਰੋਜ਼ਾ, ਹੱਜ, ਆਦਿ। ਗੁਰੂ ਗ੍ਰੰਥ ਸਾਹਿਬ ਵਿੱਚ ਨਮਾਜ਼ ਬਾਰੇ ਬਹੁਤ ਸਾਰੀਆਂ ਤੁਕਾਂ ਵੱਖਰੇ-ਵੱਖਰੇ ਸਿਧਾਂਤਾਂ ਨੂੰ ਪੇਸ਼ ਕਰਦੀਆਂ ਮਿਲ ਜਾਂਦੀਆਂ ਹਨ।

ਸਿੱਖ ਧਰਮ ਦਾ ਇਸਲਾਮ ਨਾਲ ਸੰਬੰਧ ਗੁਰੂ ਨਾਨਕ ਸਾਹਿਬ ਅਤੇ ਭਾਈ ਮਰਦਾਨੇ ਦੀ ਦੋਸਤੀ ਨਾਲ ਹੀ ਜੁੜ ਜਾਂਦਾ ਹੈ। ਇਸ ਤੋਂ ਬਾਅਦ ਗੁਰੂ ਨਾਨਕ ਸਾਹਿਬ ਇਸਲਾਮ ਧਰਮ ਦੇ ਸਿਧਾਤਾਂ ਦਾ ਅਧਿਐਨ ਕਰਦੇ ਹਨ ਅਤੇ ਸਮੇਂ ਦੇ ਨਾਲ ਇਸਲਾਮ ਜਗਤ ਵਿੱਚ ਆਈਆਂ ਊਣਤਾਈਆਂ ਉੱਪਰ ਤੰਜ ਵੀ ਕਸਦੇ ਹਨ ਅਤੇ ਇੱਕ ਸੱਚੇ ਮੁਸਲਮਾਨ ਦੇ ਕਰਤੱਬਾਂ ਦਾ ਵਰਣਨ ਆਪਣੀ ਬਾਣੀ ਰਾਹੀਂ ਕਰਦੇ ਹਨ। ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤੱਕ ਗੁਰੂਆਂ ਅਤੇ ਸਿੱਖੀ ਦਾ ਵਾਸਤਾ ਇਸਲਾਮ ਨਾਲ ਰਿਹਾ। ਜਿਸ ਦਾ ਕਾਰਨ ਉਸ ਸਮੇਂ ਰਾਜਨੀਤਿਕ ਸੱਤਾ ਉੱਪਰ ਇਸਲਾਮ ਧਰਮ ਨਾਲ ਸੰਬੰਧਿਤ ਸ਼ਾਸਕਾਂ ਦਾ ਕਬਜਾ ਸੀ। ਜਿੱਥੇ ਜਹਾਂਗੀਰ ਅਤੇ ਔਰੰਗਜੇਬ ਵਰਗੇ ਮੁਗਲ ਬਾਦਸ਼ਾਹ ਆਪਣੇ ਨਿੱਜੀ ਸੁਆਰਥਾਂ ਲਈ ਕ੍ਰਮਵਾਰ ਗੁਰੂ ਅਰਜਨ ਦੇਵ ਜੀ ਅਤੇ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਲਈ ਜ਼ਿੰਮੇਵਾਰ ਸਨ ਉੱਥੇ ਇਸਲਾਮ ਦੇ ਅਸਲ ਸਿਧਾਂਤਾ ਨੂੰ ਸਮਝਣ ਵਾਲੇ ਮਰਦਾਨੇ ਤੋਂ ਲੈ ਕੇ ਪੀਰ ਬੁੱਧੂ ਸ਼ਾਹ, ਗਨੀ ਖਾਨ, ਨਬੀ ਖਾਨ ਹਮੇਸ਼ਾ ਸੱਚ ਵਾਲੇ ਪਾਸੇ ਖੜ੍ਹਦੇ ਰਹੇ। ਕਿਉਂਕਿ ਉਹ ਚੰਗੀ ਤਰ੍ਹਾਂ ਸਮਝਦੇ ਸਨ ਕਿ ਹਾਕਮ ਧਿਰ ਆਪਣੇ ਨਿੱਜੀ ਸੁਆਰਥਾਂ ਲਈ ਹਮੇਸਾ ਧਰਮ ਦੇ ਸਿਧਾਂਤਾਂ ਦਾ ਘਾਣ ਕਰਦੀ ਰਹੀ ਹੈ।

ਜਿੱਥੇ ਗੁਰੂ ਸਾਹਿਬਾਨਾਂ ਨੇ ਇਸਲਾਮ ਦਾ ਸਮਾਜਿਕ-ਸੱਭਿਆਚਾਰਕ ਪ੍ਰਭਾਵ ਕਬੂਲਦੇ ਹੋਏ ਇਸਲਾਮ ਧਰਮ ਦੇ ਸਿਧਾਤਾਂ ਨੂੰ ਅਪਣੀਆਂ ਰਚਨਾਵਾਂ ਦਾ ਵਿਸ਼ਾ ਬਣਾਇਆ। ਉੱਥੇ ਉਹਨਾਂ ਸੱਚੇ ਮੁਸਲਮਾਨ ਹੋਣ ਦੇ ਗੁਣਾਂ ਦਾ ਵਰਣਨ ਕੀਤਾ ਅਤੇ ਰਾਜਸੱਤਾ ਦੇ ਪ੍ਰਭਾਵ ਅਧੀਨ ਆ ਚੁੱਕੇ ਅਖੌਤੀ ਧਾਰਮਿਕ ਆਗੂਆਂ ਦੇ ਕਿਰਦਾਰ ਨੂੰ ਨੰਗਾ ਕੀਤਾ। ਇਸ ਸੰਬੰਧੀ ਗੁਰੂ ਨਾਨਕ ਦੇਵ ਜੀ ਨੇ ਵੀ ਫਰਮਾਇਆ ਸੀ

ਰਾਜੇ ਸੀਹ ਮੁਕਦਮ ਕੁਤੇ

ਜਦੋਂ ਅਸੀਂ 'ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ

ਨਮਾਜ਼ ਦਾ ਜ਼ਿਕਰ ਦੇਖਦੇ ਹਾਂ ਤਾਂ ਇੱਕੋ ਗੱਲ ਵਾਰ-ਵਾਰ ਸ਼ਪਸਟ ਹੁੰਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਅਨੁਸਾਰ ਨਮਾਜ਼ ਦਾ ਮਕਸਦ ਕਿਸੇ ਖਾਸ ਨਿਯਮ ਵਿੱਚ ਬੱਝ ਕੇ ਕੋਈ ਕਰਮ ਕਾਂਡ ਕਰਨ ਦੀ ਪ੍ਰੋੜਤਾ ਕਰਨਾ ਨਹੀਂ ਹੈ ਸਗੋਂ ਦੂਸਰੇ ਪਾਸੇ ਜੋ ਗੱਲ ਸਪਸ਼ਟ ਹੁੰਦੀ ਹੈ ਉਹ ਇਹ ਹੈ ਕਿ ਸਾਡੇ ਲਈ ਕਿਸੇ ਵੀ ਧਾਰਮਿਕ ਨਿਤਨੇਮ ਨੂੰ ਅਪਣਾਉਣ ਦੇ ਨਾਲ-ਨਾਲ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਇਹ ਕਰਮਕਾਂਡ ਕਰਨ ਦੇ ਨਾਲ-ਨਾਲ ਸਾਡਾ ਜੀਵਨ ਆਦਰਸਵਾਦੀ ਹੋਵੇ ਤੇ ਇੱਕ ਸੱਚੇ ਅਤੇ ਸਪੱਸਟ ਮਨੁੱਖ ਵਾਂਗ ਅਸੀਂ ਇਸ ਸੰਸਾਰ ਵਿੱਚ ਆਪਣਾ ਜੀਵਨ ਜੀਵੀਏ। ਗਰੁਬਾਣੀ ਅਨੁਸਾਰ ਅਸੀਂ ਆਪਣੇ ਅੰਦਰ ਅਜਿਹੇ ਗੁਣ ਪੈਦਾ ਕਰੀਏ ਕਿ ਸਾਡਾ ਜੀਵਣ ਦੂਸਰਿਆਂ ਲਈ ਪ੍ਰੇਰਣਾ ਬਣੇ। ਜੇਕਰ ਮਨੁੱਖ ਆਪਣੇ ਜੀਵਨ ਵਿੱਚ ਆਪਣੇ ਆਪ ਨੂੰ ਸੱਚਾ ਅਤੇ ਧਾਰਮਿਕ ਤੌਰ ਤੇ ਆਦਰਸ਼ਵਾਦੀ ਬਣਾਉਣ ਦੀਆਂ ਸੰਭਾਵਨਾਵਾਂ ਨਹੀਂ ਰੱਖਦਾ ਤਾਂ ਉਸ ਦੁਆਰਾ ਪੜ੍ਹੀਆਂ ਨਮਾਜ਼ਾਂ ਦੀ ਕੋਈ ਸਾਰਥਿਕਤਾ ਨਹੀਂ ਰਹਿ ਜਾਂਦੀ। ਸੋ ਜਦੋਂ ਅਸੀਂ ਗੁਰੂ ਗ੍ਰੰਥ ਸਾਹਿਬ ਵਿੱਚ ਨਮਾਜ਼ ਸੰਬੰਧੀ ਵਿਚਾਰਾਂ ਦੀ ਗੱਲ ਕਰਦੇ ਹਾਂ ਤਾਂ ਇੱਕ ਗੱਲ ਮੁਢਲੇ ਰੂਪ ਵਿੱਚ ਹੀ ਸਪੱਸ਼ਟ ਹੋ ਜਾਂਦੀ ਹੈ ਕਿ ਨਮਾਜ਼ ਪੜ੍ਹਣ ਤੋਂ ਵੱਧ ਜ਼ਰੂਰੀ ਹੈ ਕਿ ਉਸ ਵਿੱਚ ਨਮਾਜ਼ੀ ਹੋਣ ਤੋਂ ਪਹਿਲਾਂ ਇੱਕ ਚੰਗੇ ਇਨਸਾਨ ਹੋਣ ਦੇ ਗੁਣ ਹੋਣੇ ਅਤਿ ਜਰੂਰੀ ਹਨ।

ਹੇਠਾਂ ਅਸੀਂ ਗੁਰਬਾਣੀ ਦੀਆਂ ਕੁਝ ਪੰਗਤੀਆਂ ਰਾਹੀਂ 'ਸ੍ਰੀ ਆਦਿ ਗੁਰੂ ਗ੍ਰੰਥ ਸਾਹਿਬ' ਵਿੱਚ ਸ਼ਾਮਲ ਨਮਾਜ਼ ਸੰਬੰਧੀ ਵਿਚਾਰਾਂ ਦੀ ਚਰਚਾ ਕਰਦੇ ਹਾਂ:

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਜੋ ਆਦਮੀ ਮੌਤ ਦੇ ਭੈ ਤੋਂ ਪੰਜੇ ਵਕਤ ਨਮਾਜ਼ ਅਤੇ ਕੁਰਾਨ ਆਦਿ ਧਾਰਮਿਕ ਕਿਤਾਬਾਂ ਪੜ੍ਹਦਾ ਹੈ ਉਹ ਕੁਦਰਤ ਦੇ ਵਰਤਾਰੇ ਦੀ ਉਲੰਘਣਾ ਕਰਦਾ ਹੈ। ਨਮਾਜ਼ ਪੜ੍ਹਣ ਨਾਲ ਮੌਤ ਤੋਂ ਬਚਿਆ ਨਹੀਂ ਜਾ ਸਕਦਾ ਕਿਉਂਕਿ ਮੌਤ ਵੀ ਕੁਦਰਤ ਦੇ ਵਰਤਾਰੇ ਦਾ ਇੱਕ ਅਹਿਮ ਪੜਾਅ ਹੈ:

ਪੰਜ ਵਖਤ ਨਿਵਾਜ ਗੁਜਾਰਹਿ ਪੜਹਿ ਕਤੇਬ ਕੁਰਾਣਾ॥
ਨਾਨਕੁ ਆਖੈ ਗੋਰ ਸਦੇਈ ਰਹਿਓ ਪੀਣਾ ਖਾਣਾ॥

ਪੰਨਾ 24

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ -
ਕਿ ਇੱਕ ਸੱਚੇ ਮੁਸਲਮਾਨ ਲਈ ਇਹ ਗੱਲਾਂ ਵੀ ਜ਼ਰੂਰੀ ਹਨ ਕਿ ਉਸ ਦੇ ਚਰਿੱਤਰ ਵਿੱਚ ਉੱਚੇ ਗੁਣ ਹੋਣੇ ਚਾਹੀਦੇ ਹਨ, ਇੱਕ ਸੱਚੇ ਮੁਸਲਮਾਨ ਦਾ ਉੱਚਾ ਆਚਰਣ ਕਾਬਾ ਹੋਵੇ, ਅੰਦਰੋਂ ਬਾਹਰੋਂ ਇਕੋ ਜਿਹੇ ਰਹਿਣਾ ਭਾਵ ਸੱਚਾ ਮਨੁੱਖ ਹੋਣਾ ਪੀਰ ਹੋਵੇ, ਨੇਕ ਅਮਲਾਂ ਦੀ ਨਿਮਾਜ਼ ਤੇ ਕਲਮਾ ਬਣੇ।

ਕਰਣੀ ਕਾਬਾ ਸਚੁ ਪੀਰੁ ਕਲਮਾ ਕਰਮ ਨਿਵਾਜ॥

ਪੰਨਾ 140

ਗੁਰੂ ਨਾਨਕ ਦੇਵ ਜੀ ਨਮਾਜ਼ ਦੀ ਬਹੁਤ ਹੀ ਦਿਲ ਖਿਚਵੀਂ ਵਿਆਖਿਆ ਕਰਦੇ ਹੋਏ ਇਸ ਦੇ ਪੰਜਾਂ ਪ੍ਰਕਾਰਾਂ ਦੀ ਆਪਣੀ ਸਵਤੰਤਰ ਵਿਆਖਿਆ ਕਰਦੇ ਹੋਏ ਕਹਿੰਦੇ ਹਨ ਕਿ ਉਹਨਾਂ ਦੀ ਨਜ਼ਰ ਵਿੱਚ ਅਸਲ ਮੁਸਲਮਾਨ ਉਹ ਹੈ ਜੋ ਹੇਠ ਲਿਖੀਆਂ ਨਮਾਜ਼ਾਂ ਨੂੰ ਆਪਣੀ ਰੋਜ਼ਾਨਾ ਜਿੰਦਗੀ (ਨਿੱਤਨੇਮ) ਵਿੱਚ ਸ਼ਾਮਿਲ ਕਰਦਾ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਪਹਿਲੀ ਨਮਾਜ਼ 'ਸੱਚ' ਹੈ। ਹੱਕ-ਹਲਾਲ ਦੀ ਕਾਮਈ ਖਾਣਾ ਦੂਸਰੀ ਨਮਾਜ਼ ਹੈ। ਇਸ ਜਗਤ ਵਿੱਚ ਸਭ ਦੀ ਖੈਰ ਮੰਗਣਾ ਤੀਸਰੀ ਨਮਾਜ਼ ਹੈ। ਚੌਥੀ ਨਮਾਜ਼ ਦੀ ਨੀਅਤ ਧਰਨ ਦਾ ਮਤਲਬ ਮਨ ਨੂੰ ਸ਼ਾਫ ਰਖਣਾ ਹੈ ਅਤੇ ਪੰਜਵੀਂ ਨਮਾਜ਼ ਪ੍ਰਮਾਤਮਾ ਦੀ ਸਿਫਤ ਸਲਾਹ ਅਤੇ ਵਡਿਆਈ ਕਰਨਾ ਹੈ। ਆਪਣੇ ਚੰਗੇ ਕਰਮ (ਚੰਗਾ ਆਚਰਨ) ਰੂਪੀ ਕਲਮਾ ਪੜ੍ਹ ਕੇ ਹੀ ਕੋਈ ਮੁਸਲਮਾਨ ਅਖਵਾ ਸਕਦਾ ਹੈ। ਜੋ ਇਸ ਤੋਂ ਬਿਨਾਂ ਸਭ ਕੂੜ ਕਰ ਕੇ ਕੂੜ ਵਿੱਚ ਹੀ ਪਾ ਦੇਣਾ ਹੈ।

ਪੰਜਿ ਨਿਵਾਜਾ ਵਖਤ ਪੰਜਿ ਪੰਜਾ ਪੰਜੇ ਨਾਉ॥
ਪਹਿਲਾ ਸਚੁ ਹਲਾਲ ਦੁਇ ਤੀਜਾ ਖੈਰ ਖੁਦਾਇ॥
ਚਉਥੀ ਨੀਅਤਿ ਰਾਸਿ ਮਨੁ ਪੰਜਵੀ ਸਿਫਤਿ ਸਨਾਇ॥
ਕਰਣੀ ਕਲਮਾ ਆਖਿ ਕੈ ਤਾ ਮੁਸਲਮਾਣੁ ਸਦਾਇ॥
ਨਾਨਕ ਜੇਤੇ ਕੂੜਿਆਰ ਕੂੜੈ ਕੂੜੀ ਪਾਇ॥

ਪੰਨਾ 141

ਗੁਰੂ ਨਾਨਕ ਦੇਵ ਜੀ ਉਸ ਵੇਲੇ ਦੇ ਹਾਕਮਾਂ ਅਤੇ ਅੱਤਿਆਚਾਰ ਕਰਨ ਵਾਲੇ ਰਾਜ ਅਧਿਕਾਰੀਆਂ ਬਾਰੇ ਗੱਲ ਕਰਦੇ ਹੋਏ ਉਹਨਾਂ ਨੂੰ ਮਾਣਸ ਖਾਣੇ ਕਹਿੰਦੇ ਹਨ ਅਤੇ ਨਾਲ ਹੀ ਫਰਮਾਉਂਦੇ ਹਨ ਕਿ ਇਹ ਮਾਣਸ ਖਾਣੇ (ਲੋਕਾਂ ਦਾ ਖੁਨ ਪੀਨ ਵਾਲੇ) ਆਪਣੀ ਮਾਨਸਿਕ ਸੰਤੁਸ਼ਟੀ ਲਈ ਨਮਾਜ਼ਾਂ ਦਾ ਸਹਾਰਾ ਲੈਂਦੇ ਹੈ ਜੋ ਕਿ ਸਭ ਵਿਅਰਥ ਹੈ।

ਮਾਣਸ ਖਾਣੇ ਕਰਹਿ ਨਿਵਾਜ॥

ਪੰਨਾ 471-472

ਭਗਤ ਕਬੀਰ ਜੀ ਫਰਮਾਉਂਦੇ ਹਨ ਕਿ ਰੋਜ਼ਾ ਰੱਖਿਆਂ ਜਾਂ ਨਮਾਜ਼ ਗੁਜਾਰਨ ਨਾਲ ਜੰਨਤ ਨਹੀਂ ਮਿਲ ਜਾਂਦੀ। ਭਗਤ ਜੀ ਫਰਮਾਉਂਦੇ ਹਨ ਕਿ ਸਾਡੇ ਅੰਦਰ ਹੀ ਕਾਬਾ ਹੈ ਜੇਕਰ ਅਸੀਂ ਇਸ ਨੂੰ ਪਛਾਣ ਲਈਏ। ਸਭਨਾ ਨਾਲ ਨਿਆਂ ਕਰਨਾ ਹੀ ਨਮਾਜ਼ ਹੈ ਆਪਣੀ ਅਕਲ ਨਾਲ ਪ੍ਰਮਾਤਮਾ ਨੂੰ ਜਾਣ ਲੈਣਾ ਹੀ ਕਲਮਾ ਹੈ।

ਰੋਜਾ ਧਰੈ ਨਿਵਾਜ ਗੁਜਾਰੈ ਕਲਮਾ ਭਿਸਤਿ ਨ ਹੋਈ॥
ਸਤਰਿ ਕਾਬਾ ਘਟ ਹੀ ਭੀਤਰਿ ਜੇ ਕਰਿ ਜਾਨੈ ਕੋਈ॥
ਨਿਵਾਜ ਸੋਈ ਜੋ ਨਿਆਉ ਬਿਚਾਰੈ
ਕਲਮਾ ਅਕਲਹਿ ਜਾਨੈ॥

ਪੰਨਾ 480

ਗੁਰੂ ਨਾਨਕ ਦੇਵ ਜੀ ਫਰਮਾਉਂਦੇ ਹਨ ਕਿ ਪ੍ਰਮਾਤਮਾ ਦਾ ਨਾਮ ਸੱਚ ਹੈ ਇਹ ਹੀ (ਹੇ ਮਨੁੱਖ) ਤੇਰੀ ਨਮਾਜ਼ ਹੋਣੀ ਚਾਹੀਦੀ ਹੈ ਅਤੇ ਪ੍ਰਮਾਤਮਾ ਉੱਪਰ ਭਰੋਸਾ ਨਮਾਜ਼ ਪੜ੍ਹਣ ਵਾਲੇ ਮੁਸੱਲੇ (ਨਮਾਜ਼ ਪੜ੍ਹਣ ਲਈ ਵਿਛਾਈ ਜਾਣ ਵਾਲੀ ਚਟਾਈ) ਵਾਂਗ ਹੋਣਾ ਚਾਹੀਦਾ ਹੈ।

ਸਚੁ ਨਿਵਾਜ ਯਕੀਨ ਮੁਸਲਾ॥

ਪੰਨਾ 1083

ਜਿਵੇਂ ਅਸੀਂ ਪਹਿਲਾਂ ਜਿਕਰ ਕੀਤਾ ਹੈ ਕਿ ਗੁਰੂ ਨਾਨਕ ਦੇਵ ਜੀ ਅਤੇ ਭਾਈ ਮਰਦਾਨਾ ਜੀ ਦੀ ਦੋਸਤੀ ਨੇ ਹਿੰਦੂ ਮੁਸਲਮਾਨ ਰਿਸਤਿਆਂ ਦਾ ਮੁੱਢ ਬੰਨ੍ਹਿਆਂ ਅਤੇ ਉਹਨਾਂ ਦੁਆਰਾ ਮੱਕੇ ਦੀ ਯਾਤਰਾ ਨੇ ਇਸ ਰਿਸਤੇ ਨੂੰ ਹੋਰ ਪਕੇਰਿਆਂ ਕੀਤਾ, ਜਿਸ ਕਾਰਨ ਅੱਜ ਵੀ ਮੁਸਲਿਮ ਬਾਬਾ ਨਾਨਕ ਨੂੰ ਰੂਹਾਨੀ ਫ਼ਕੀਰ ਵਜੋਂ ਮਾਨਤਾ ਦਿੰਦੇ ਹਨ। ਜਦੋਂ ਅਸੀਂ ਗੁਰੂ ਕਾਲ ਸਮੇਂ ਪੰਜਾਬ ਦੀ ਗੱਲ ਤੋਰਦੇ ਹਾਂ ਤਾਂ ਉਸ ਸਮੇਂ ਮੁਸਲਿਮ ਧਰਮ ਦਾ ਹੀ ਬੋਲਬਾਲਾ ਸੀ। ਇਸ ਲਈ ਉਸ ਸਮੇਂ ਦੀ ਕੋਈ ਵੀ ਧਾਰਮਿਕ, ਰਾਜਨੀਤਿਕ, ਸਮਾਜਿਕ ਲਿਖਤ ਮੁਸਲਮਾਨੀ ਧਾਰਮਿਕ ਪ੍ਰਭਾਵ ਤੋਂ ਸੱਖਣੀ ਨਾ ਰਹਿ ਸਕੀ।

ਪੰਜਾਬ ਵਿੱਚ ਭਾਵੇਂ ਸਿੱਖ ਅਤੇ ਮੁਸਲਿਮ ਧਰਮ ਕਦੇ ਪੂਰਨ ਤੌਰ ਤੇ ਇੱਕ ਦੂਸਰੇ ਵਿੱਚ ਨਾ ਸਮਾ ਸਕੇ ਪਰ ਸਮਾਜਿਕ ਤੌਰ ਤੇ ਜਦੋਂ ਅਸੀਂ ਪੰਜਾਬ ਦੀ ਗੱਲ ਕਰਦੇ ਹਾਂ ਤਾਂ ਇਹਨਾਂ ਦੋਹਾਂ ਧਰਮਾਂ ਨੂੰ ਪੂਰਨ ਤੌਰ ਤੇ ਵੱਖਰੇ ਕਰ ਕੇ ਪੰਜਾਬੀ ਸੱਭਿਆਚਾਰ ਦਾ ਅਧਿਐਨ ਨਹੀਂ ਕੀਤਾ ਜਾ ਸਕਦਾ।

ਜੇਕਰ ਅਸੀਂ ਇਸਲਾਮ ਅਤੇ ਸਿੱਖ ਧਰਮ ਦੀਆਂ ਸਿੱਖਿਆਵਾਂ ਦਾ ਜਿਕਰ ਕਰੀਏ ਤਾਂ ਬਹੁਤ ਹੱਦ ਤੱਕ ਇਹ ਆਪਸ ਵਿੱਚ ਮੇਲ ਵੀ ਖਾਂਦੀਆਂ ਹਨ ਅਤੇ ਕਈ ਥਾਂ ਵਿਰੋਧ ਭਾਸ ਵੀ ਮਿਲ ਜਾਂਦੇ ਹਨ। ਇਸਲਾਮ ਅਤੇ ਸਿੱਖ ਧਰਮ ਵਿੱਚ ਮੜੀਆਂ ਮਸਾਣੀਆਂ ਦੀ ਪੂਜਾ ਦਾ ਵਿਰੋਧ ਕੀਤਾ ਗਿਆ ਹੈ।

ਦੋਵੇਂ ਧਰਮ ਆਪਣੇ ਧਾਰਮਿਕ ਗ੍ਰੰਥਾਂ 'ਪਵਿੱਤਰ ਕੁਰਾਨ' ਅਤੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਅਟੁੱਟ ਵਿਸਵਾਸ਼ ਰਖਦੇ ਹਨ। ਦੋਹਾਂ ਧਰਮਾਂ ਵਿੱਚ 'ਦਸਵੰਧ' ਅਤੇ 'ਜਕਾਤ' ਦੇ ਨਾਮ ਤੇ ਆਪਣੀ ਕਮਾਈ ਵਿੱਚੋਂ ਧਰਮ ਹਿੱਤ ਦਾਨ ਦੇਣ ਦੀ ਨਸ਼ੀਹਤ ਮਿਲਦੀ ਹੈ। ਦੋਹਾਂ ਧਰਮਾਂ ਦਾ ਇੱਕ ਹੀ ਰੱਬ ਵਿੱਚ ਯਕੀਨ ਇਹਨਾਂ ਨੂੰ ਫਿਰ ਤੋਂ ਇਕੱਠਿਆਂ ਕਰ ਦਿੰਦਾ ਹੈ। ਅਗਲੇ ਭਾਗ ਵਿੱਚ ਅਸੀਂ ਸਿੱਖ ਧਰਮ ਅਤੇ ਨਮਾਜ਼ ਦੀਆਂ ਸਮਾਨਤਾਵਾਂ ਬਾਰੇ ਗੱਲ ਕਰਾਂਗੇ। ਚਲਦਾ...

## ਹਵਾਲੇ


1. ਇਸਲਾਮ ਧਰਮ ਅਨੁਸਾਰ ਇਸ ਦਿਨ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਜੰਨਤ ਵੱਲ ਯਾਤਰਾ ਕਰ ਕੇ ਵਾਪਿਸ ਆਏ ਸਨ।

2. Bradlow, Khadija (18 August 2007). "A night journey through Jerusalem", Times Online, Retrieved, 27 March, 2011.

3. Ron Geaves, *Islam and Britain: Muslim Mission in an Age of Empire,* 2018, USA.

4. Raziuddin Aquil, *Lovers of God: Sufism and the Politics of Islam in Medieval India,* Delhi, 2017, p. 38.

5. K.S. Lal, *Growth of Muslim Population in Medieval India, AD 1000–1800,* (Delhi: Research Publications in Social Sciences, 1973) cited in Schwartzberg, p. 201.

# ਭੈ ਕਾਹੂ ਕਕਉ ਦੇਤ ਨਕਹ ਨਕਹ ਭੈ ਮਾਨਤ ਆਨ॥

**ਮਨਪ੍ਰੀਤ ਕੌਰ , 89292-01405**

ਸੰਸਾਰ ਦੇ ਇਤਿਹਾਸ ਵੱਲ ਝਾਤੀ ਮਾਰੀਏ ਤਾਂ ਪਤਾ ਚਲਦਾ ਹੈ ਕਿ ਸੰਸਾਰ ਦੇ ਵਿੱਚ ਕੋਈ ਅਜਿਹਾ ਸੰਤ-ਭਗਤ , ਸੂਰਮਾ ਅਤੇ ਬਲਿਦਾਨੀ ਨਹੀਂ ਹੋਇਆ ਜਿਸਨੇ ਕਿਸੇ ਹੋਰ ਧਰਮ ਦੀ ਰਖਿਆ ਦੀ ਖਾਤਰ ਅਪਣੀ ਜਾਨ ਦੀ ਕੁਰਬਾਨੀ ਦਿੱਤੀ ਹੋਵੇ, ਇਹ ਸ਼ਹੀਦੀ ਸਿੱਖਾਂ ਦੇ ਨੌਵੇਂ ਗੁਰੂ, ਸ਼ਾਂਤੀ ਦੇ ਪੁੰਜ- ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਅਪਣਾ ਸੀਸ ਭੇਟ ਦੇ ਕੇ ਇਕ ਅਦੁੱਤੀ ਮਿਸਾਲ ਕਾਇਮ ਕੀਤੀ ਹੈ।

ਸ਼ਾਂਤੀ ਦੇ ਪੁੰਜ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਇਸ ਅਦੁਤੀ ਸ਼ਹਾਦਤ ਦੇ ਸਾਕੇ ਬਾਰੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਪ੍ਰਕਾਰ ਵਰਣਨ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤ ਇਤੀ ਜਿਨਿ ਕਰੀ॥
ਸੀਸ ਦੀਆ ਪਰੁ ਸੀ ਨ ਉਚਰੀ॥

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਛੇਵੇਂ ਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਹਿ 'ਗੁਰੂ ਕੇ ਮਹਿਲ' ਅਸਥਾਨ 'ਤੇ 1 ਅਪਰੈਲ 1621 ਈਸਵੀ, ਸੰਮਤ 1678 ਨੂੰ ਹੋਇਆ। ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਪੁੱਤਰ ਸਨ, ਸ੍ਰੀ ਗੁਰੂ ਤੇਗ ਬਹਾਦਰ ਜੀ ਸਭ ਤੋਂ ਛੋਟੇ ਸਨ।ਆਪ ਜੀ ਦੇ ਜਨਮ ਦੀ ਖ਼ਬਰ ਸੁਣ ਕੇ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਪੰਜ ਸਿੱਖਾਂ ਸਮੇਤ ਮਹਿਲਾਂ ਵਿੱਚ ਪੁਜੇ ਅਤੇ ਅਪਣੇ ਤੀਰ ਨਾਲ ਸਾਹਿਬਜ਼ਾਦੇ ਦੇ ਚਰਨਾਂ ਵਿੱਚ ਨਮਸਕਾਰ ਕੀਤੀ। ਪਾਸ ਖੜੇ ਭਾਈ ਬਿਧੀ ਚੰਦ ਜੀ ਨੇ ਹੱਥ ਜੋੜ ਕੇ ਬੇਨਤੀ ਕੀਤੀ- 'ਸੱਚੇ ਪਾਤਸ਼ਾਹ! ਇਹ ਕੀ ਕੌਤਕ ਹੈ? ਤਾਂ ਗੁਰੂ ਸਾਹਿਬ ਨੇ ਫੁਰਮਾਇਆ:

'ਪਾਂਚੋ ਮੇ ਇਹ ਗੁਰ ਹੋਈ।'

ਗੁਰੂ ਸਾਹਿਬ ਦੇ ਮੁਖਾਰਬਿੰਦ ਤੋਂ ਇਹ ਬਚਨ ਸੁਣ ਕੇ ਮਾਤਾ ਨਾਨਕੀ ਜੀ ਬਹੁਤ ਪ੍ਰਸੰਨ ਹੋਏ।

ਆਪ ਜੀ ਬਚਪਨ ਤੋਂ ਹੀ ਤਿਆਗੀ, ਗੰਭੀਰ, ਸਾਧੂ-ਸੁਭਾਅ ਦੇ ਸਨ। ਆਪ ਕਈਂ ਵਾਰੀ ਸਮਾਧੀ ਲਗਾ ਕੇ ਬੈਠ ਜਾਂਦੇ ਅਤੇ ਭਜਨ-ਬੰਦਗੀ ਵਿਚ ਲੀਨ ਹੋ ਜਾਂਦੇ। ਆਪ ਜੀ ਉੱਚ-ਕੋਟੀ ਦੇ ਤਪਸਵੀ ਸਨ। ਅਨੰਦਪੁਰ ਸਾਹਿਬ ਵਿਖੇ ਭੋਰਾ ਸਾਹਿਬ ਇਸ ਗਲ ਦਾ ਪ੍ਰਤੀਕ ਹੈ, ਜਿੱਥੇ ਬੈਠ ਕੇ ਆਪ ਜੀ ਨੇ ਕਈਂ ਸਾਲ ਅਕਾਲ-ਪੁਰਖ ਨਾਲ ਇਕ-ਮਿਕ ਹੋ ਕੇ ਭਜਨ-ਬੰਦਗੀ ਕੀਤੀ। ਆਪ ਦੀ ਇਹ ਅਵਸਥਾ ਦੇਖ ਕੇ ਗੁਰੂ ਹਰਿਗੋਬਿੰਦ ਸਾਹਿਬ ਜੀ ਫ਼ਰਮਾਂਦੇ: 'ਸਾਡਾ ਇਹ ਪੁੱਤਰ ਬੜਾ ਬਲੀ, ਯੋਧਾ ਅਤੇ ਤੇਗ ਦਾ ਧਨੀ ਹੋਏਗਾ।' ਇਸ ਲਈ ਉਨ੍ਹਾਂ ਦਾ ਨਾਮ ਤੇਗ ਬਹਾਦਰ ਰੱਖ ਦਿੱਤਾ।

ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਆਪਦੀ ਪੜ੍ਹਾਈ-ਸਿਖਲਾਈ ਵੱਲ ਉਚੇਚਾ ਧਿਆਨ ਦਿੱਤਾ। ਆਪ ਜੀ ਨੂੰ ਗੁਰਬਾਣੀ ਵਿਚਾਰ ਦੇ ਨਾਲ-ਨਾਲ ਸ਼ਸਤਰਾਂ ਦੀ ਵਿੱਦਿਆ ਵੀ ਦਿੱਤੀ ਗਈ। ਆਪ ਜੀ ਬੜੇ ਹੀ ਵਿਦਵਾਨ, ਸੂਰਬੀਰ ਅਤੇ ਯੋਧੇ ਬਣੇ। ਆਪ ਜੀ ਨੇ ਅਪਣੇ ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨਾਲ ਜੰਗ ਵਿਚ ਜੋ ਕਿ ਸੰਮਤ 1691 ਵਿੱਚ ਕਰਤਾਰਪੁਰ ਵਿਖੇ ਹੋਈ, ਉਸ ਜੰਗ ਵਿਚ ਅਪਣੀ ਤਲਵਾਰ ਦਾ ਜੋਹਰ ਦਿਖਉਂਦੇ ਹੋਏ ਵੈਰੀਆਂ ਦੇ ਆਹੂ ਲਾਏ, ਅਤੇ ਤੇਗ ਦੀ ਬਹਾਦਰੀ ਵਿਖਾਈ, ਪਰ ਆਪ ਜੀ ਦੀ ਰੁਚੀ ਜਲਦੀ ਜੀ ਉਪਰਾਮ ਹੋ ਗਈ। ਆਪ ਨੇ ਬਕਾਲਾ ਜਾ ਕੇ ਡੇਰਾ ਕਰ ਲਿਆ।ਆਪ ਜੀ ਦਾ ਵਿਆਹ ਕਰਤਾਰਪੁਰ ਸ੍ਰੀ ਲਾਲ ਚੰਦ ਜੀ ਖੱਤਰੀ ਦੀ ਸਪੁੱਤਰੀ ਗੁਜਰੀ ਜੀ ਨਾਲ ਹੋਇਆ। ਆਪ ਦੇ ਘਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਵਤਾਰ ਧਾਰਿਆ। ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਜੋਤੀ-ਜੋਤ ਸਮਾਉਣ ਪਿਛੋਂ ਆਪ ਮਾਤਾ ਨਾਨਕੀ ਜੀ ਤੇ ਸੁਪਤਨੀ ਗੁਜਰੀ ਜੀ ਨੂੰ ਲੈ ਕੇ ਅਪਣੇ ਨਾਨਕੇ ਪਿੰਡ ਬਕਾਲੇ ਵਿਖੇ ਆ ਗਏ ਅਤੇ ਇਕਾਂਤ ਵਿੱਚ ਜੀਵਨ ਬਤੀਤ ਕਰਨ ਲਗੇ। ਆਪ ਹਰ ਸਮੇਂ ਭਜਨ-ਬੰਦਗੀ ਵਿੱਚ ਜੁੜੇ ਰਹਿੰਦੇ। ਆਪ ਜਾਣਦੇ ਸਨ- ਦੇਸ਼, ਕੌਮ ਤੇ ਭਾਰੀ ਬਿਪਤਾ ਆਣ ਵਾਲੀ ਹੈ ਇਸ ਲਈ 'ਹਿੰਦ ਦੀ ਚਾਦਰ' ਬਣ ਕੇ ਅਪਣੇ ਆਦਰਸ਼ ਦੀ ਪੂਰਤੀ ਲਈ ਭਗਤੀ ਦੁਆਰਾ ਹੀ ਜ਼ੁਲਮ ਤੋਂ ਜ਼ਬਰ ਨੂੰ ਠਲ੍ਹ ਪਾਉਣ ਲਈ ਕੁਰਬਾਨੀ ਦੀ ਲੋੜ ਪਏਗੀ।

ਜਦੋ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਅਪਣੇ ਪੋਤਰੇ ਸ੍ਰੀ ਹਰਿ ਰਾਇ ਜੀ ਨੂੰ ਗੁਰ-ਗੱਦੀ ਬਖਸ਼ੀ ਤਾਂ ਮਾਤਾ ਨਾਨਕੀ ਜੀ ਨੇ ਪੁਛਿਆ- 'ਗੁਰ ਗੱਦੀ ਤਾਂ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਮਿਲਣੀ ਸੀ ਤਾਂ ਛੇਵੇਂ ਪਾਤਸ਼ਾਹ ਨੇ ਉੱਤਰ ਵਿੱਚ ਸਪਸ਼ਟ ਕੀਤਾ, ਅਜੇ ਇਹਨਾਂ ਦਾ ਸਮਾਂ ਨਹੀਂ ਆਇਆ।' ਸੋ ਸ੍ਰੀ ਗੁਰੂ ਹਰਿ ਰਾਇ ਜੀ ਨੇ ਅਪਣੇ ਛੋਟੇ ਸਾਹਿਬਜ਼ਾਦੇ ਸ੍ਰੀ ਹਰਿਕਿਸ਼ਨ ਸਾਹਿਬ ਨੂੰ ਗੁਰ-ਗੱਦੀ ਸੰਭਾਲਣ ਦੀ ਜ਼ਿੰਮੇਵਾਰੀ ਸੌਂਪੀ। ਸ੍ਰੀ ਗੁਰੂ ਹਰਿਕਿਸ਼ਨ ਸਾਹਿਬ ਜੀ ਦਿੱਲੀ ਵਿੱਚ ਜੋਤੀ-ਜੋਤਿ ਸਮਾਉਣ ਲਗੇ ਤਾਂ ਸੰਗਤਾਂ ਨੇ ਪੁਛਿਆ, ਹੁਣ ਸਾਡਾ ਗੁਰੂ ਕੌਣ ਹੋਏਗਾ?'

ਅਸ਼ਟਮ ਗੁਰਦੇਵ ਜੀ ਨੇ ਬਚਨ ਕੀਤਾ, 'ਬਾਬਾ ਬਕਾਲੇ।' ਜਦੋਂ ਸੋਢੀਆਂ ਨੂੰ ਇਸ ਗਲ ਦਾ ਪਤਾ ਲਗਾ ਤਾਂ ਧੀਰ ਮਲ ਵਰਗੇ ਬਕਾਲੇ ਮੰਜੀਆਂ ਢਾਹ ਕੇ ਬੈਠ ਗਏ, ਅਤੇ ਲਗੇ ਸੰਗਤਾਂ ਤੋਂ ਮੱਥੇ ਟਿਕਾਣ ਅਤੇ ਕਾਰ-ਭੇਟਾ ਵੀ ਲੈਣ ਲਗ ਪਏ।

ਸ਼ਾਂਤੀ, ਭਜਨ-ਬੰਦਗੀ ਅਤੇ ਤਿਆਗ ਦੀ ਮੂਰਤ ਸ੍ਰੀ ਗੁਰੂ ਤੇਗ ਬਹਾਦਰ ਜੀ ਇਕਾਂਤ ਵਿੱਚ ਬੈਠ ਕੇ ਸਿਮਰਨ ਕਰਦੇ ਰਹੇ। ਇਸ ਤਰ੍ਹਾਂ ਕੁੱਝ ਸਮਾਂ ਬਤੀਤ ਹੋ ਗਿਆ। ਸੰਗਤਾਂ ਨੂੰ ਕਿਸੇ ਤੋਂ ਵੀ ਆਤਮਕ ਸ਼ਾਂਤੀ ਨਾ ਮਿਲੀ। ਸੰਗਤਾਂ ਨਿਤਾ-ਪ੍ਰਤੀ ਅਰਦਾਸਾਂ ਕਰਦੀਆਂ, "ਹੇ ਸੱਚੇ ਪਾਤਸ਼ਾਹ! ਪ੍ਰਗਟ ਹੋਵੋ ਤੇ ਸਿੱਖੀ ਨੂੰ ਸੰਭਾਲੋ"

ਇਕ ਦਿਨ ਇਕ ਸਿੱਖ ਸੌਦਾਗਰ ਭਾਈ ਮੱਖਣ ਸ਼ਾਹ ਲੁਬਾਣਾ ਬਕਾਲੇ ਪਹੁੰਚਿਆ। ਜਿਸਨੇ ਅਪਣੇ ਡੁੱਬਦੇ ਜਹਾਜ਼ ਨੂੰ ਬਚਾਉਣ ਲਈ 500 ਮੋਹਰਾਂ ਗੁਰੂ ਜੀ ਨੂੰ ਭੇਟਾ ਦੇਣ ਦੀ ਅਰਦਾਸ ਕੀਤੀ ਸੀ। ਜਦੋਂ ਬਕਾਲੇ ਪਹੁੰਚ ਕੇ ਉਸਨੇ ਬਹੁਤ ਸਾਰੇ ਆਪ ਬਣੇ ਬੈਠੇ ਗੁਰੂ ਦੇਖੇ ਤਾਂ ਉਸਨੇ ਸਭ ਅਗੇ 5-5 ਮੋਹਰਾਂ ਮੱਥਾ ਟੇਕੀਆਂ ਪਰ ਕੋਈ ਵੀ ਉਸਦੀ ਭਾਵਨਾ ਨਾ ਪੜ੍ਹ ਸਕਿਆ, ਅਖੀਰ ਬਾਬਾ ਤੇਗਾ ਜੀ ਬਾਰੇ ਦਸ ਪਾਉਣ ਤੇ ਉਸਨੇ ਭੋਰੇ ਵਿੱਚ ਬੈਠੇ ਗੁਰੂ ਤੇਗ ਬਹਾਦਰ ਜੀ ਅਗੇ ਵੀ 5 ਮੋਹਰਾਂ ਭੇਟ ਕੀਤੀਆਂ ਤੇ ਗੁਰੂ ਜੀ ਨੇ ਉਸਨੂੰ ਉਸਦਾ ਬਚਨ ਚੇਤੇ ਕਰਵਾਇਆ। ਮੱਖਣ ਸ਼ਾਹ ਲੁਬਾਣਾ ਨੇ ਚਰਨਾਂ 'ਤੇ ਸੀਸ ਨਿਵਾਇਆ ਤੇ"ਗੁਰੂ ਲਾਧੋ ਰੇ" ਆਵਾਜ਼ ਬੁਲੰਦ ਕਰਕੇ ਸੱਚਾ ਗੁਰੂ ਸੰਗਤਾਂ ਅਗੇ ਪ੍ਰਗਟ ਕਰ ਦਿੱਤਾ।

ਉਸਦਾ ਇਹ ਹੋਕਾ ਸੁਣ ਕੇ ਸੰਗਤਾਂ ਨੇ ਦਰਸ਼ਨਾਂ ਲਈ ਵਹੀਰਾਂ ਪਾ ਦਿੱਤੀਆਂ। ਜੋ ਆਪ ਬਣ ਬੈਠੇ ਗੁਰੂ ਸਨ - ਸਭ ਮੰਜੀਆਂ ਚੁੱਕ ਕੇ ਭੱਜ ਗਏ।

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਗੁਰ-ਪਦਵੀ ਉਪਰੰਤ ਪੰਜਾਬ ਦੇ ਗੁਰ ਅਸਥਾਨਾਂ ਅਤੇ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਕਰਨ ਦਾ ਪ੍ਰੋਗਰਾਮ ਬਣਾਇਆ। ਸ੍ਰੀ ਅੰਮ੍ਰਿਤਸਰ ਸਾਹਿਬ ਤੇ ਕਬਜ਼ਾ ਕੀਤੇ ਮੀਣਿਆਂ ਨੇ ਗੁਰੂ ਜੀ ਲਈ ਹਰਿਮੰਦਰ ਸਾਹਿਬ ਦੇ ਦਰਵਾਜੇ ਬੰਦ ਕਰ ਦਿੱਤੇ। ਗੁਰੂ ਸਾਹਿਬ ਸਰੋਵਰ ਵਿੱਚ ਇਸ਼ਨਾਨ ਕਰਕੇ ਅਕਾਲ-ਤਖਤ ਦੇ ਪਾਸ ਇਕ ਥੜੇ ਤੇ ਬੈਠ ਕੇ ਹਰਿਮੰਦਰ ਸਾਹਿਬ ਦੇ ਬਾਹਰੋਂ ਹੀ ਮੱਥਾ ਟੇਕ ਕੇ ਹੋਰ ਕਈ ਗੁਰੂ ਧਾਮਾਂ ਦੇ ਦਰਸ਼ਨ ਕਰਕੇ ਵਾਪਸ ਬਕਾਲੇ ਮੁੜ ਆਏ। ਹੁਣ ਏਥੇ ਗੁਰਦੁਆਰਾ ਥੜ੍ਹਾ ਸਾਹਿਬ ਮੌਜੂਦ ਹੈ।

ਬਕਾਲੇ ਦੇ ਸੋਢੀ ਅਤੇ ਧੀਰ ਮਲੀਏ ਗੁਰੂ ਜੀ ਨਾਲ ਈਰਖਾ ਕਰਨ ਲਗ ਪਏ। ਗੁਰੂ ਜੀ ਇਕਾਂਤ ਤੇ ਸ਼ਾਂਤੀ ਵਿੱਚ ਰਹਿਣਾ ਚਾਹੁੰਦੇ ਸਨ ਸੋ ਆਪ ਨੇ ਉਥੋਂ ਕੀਰਤਪੁਰ ਰਹਿਣ ਦਾ ਨਿਰਣਾ ਕਰ ਲਿਆ। ਉਥੇ ਵੀ ਧੀਰ ਮਲੀਏ ਅਤੇ ਸੋਢੀ ਗੁਰੂ ਜੀ ਦਾ ਵਿਰੋਧ ਕਰਨ ਲਗ ਪਏ, ਪਰ ਸ਼ਾਂਤੀ ਦੇ ਪੁੰਜ ਕਿਸੇ ਨਾਲ ਵੀ ਵੈਰ-ਭਾਵ ਨਹੀਂ ਰਖਿਆ।

ਕੀਰਤਪੁਰ ਤੋਂ ਪੰਜ ਕੁ ਮੀਲ ਦੀ ਦੂਰੀ ਤੇ ਆਪ ਜੀ ਨੇ ਕੈਲੂਰ ਦੇ ਰਾਜੇ ਪਾਸੋਂ ਜ਼ਮੀਨ ਖਰੀਦ ਕੇ ਅਨੰਦਪੁਰ ਸਾਹਿਬ ਵਸਾਇਆ। ਇਥੇ ਰਹਿੰਦੇ ਆਪ ਸੰਗਤਾਂ ਨੂੰ ਨਿਹਾਲ ਕਰਦੇ ਰਹੇ, ਥੋੜੇ ਚਿਰ ਵਿੱਚ ਹੀ ਰੌਣਕਾਂ ਲਗਣ ਲਗ ਪਈਆਂ। ਕੁੱਝ ਚਿਰ ਬਾਦ ਆਪ ਜੀ ਨੇ ਪਰਿਵਾਰ ਸਮੇਤ ਕਈਆਂ ਦੇਸ਼ਾਂ ਦਾ ਦੌਰਾ ਕੀਤਾ। ਹਿੰਦੂਆਂ ਦੇ ਬਹੁਤ ਸਾਰੇ ਤੀਰਥਾਂ 'ਤੇ ਜਾ ਕੇ ਕਰਮ-ਕਾਂਡਾਂ ਨਾਲ ਜੁੜੇ ਅਤੇ ਵਹਿਮਾਂ-ਭਰਮਾਂ ਵਿੱਚ ਪਏ ਲੋਕਾਂ ਨੂੰ ਸੱਚ ਦੇ ਮਾਰਗ ਤੇ ਚਲਣ ਲਈ ਪ੍ਰੇਰਿਆ। ਆਪ ਨੇ ਕਈਂ ਥਾਵਾਂ ਤੇ ਖੂਹ ਲਗਵਾਏ, ਤਲਾਬ ਬਣਵਾਏ ਅਤੇ ਲੋਕ- ਭਲਾਈ ਲਈ ਹੋਰ ਅਨੇਕਾਂ ਕਾਰਜ ਕੀਤੇ। ਆਪ ਜੀ ਲੋਕ-ਭਲਾਈ ਦੇ ਕਾਰਜ ਕਰਦੇ ਅਤੇ ਲੋਕਾਈ ਨੂੰ ਤਾਰਦੇ ਹੋਏ ਬੰਗਾਲ, ਢਾਕੇ ਅਤੇ ਅਸਾਮ ਤੱਕ ਗਏ। ਜਦੋਂ ਆਪ ਜੀ ਨੂੰ ਸਾਹਿਬਜ਼ਾਦੇ ਦਾ ਜਨਮ ਦੀ ਖ਼ਬਰ ਮਿਲੀ ਉਸ ਸਮੇਂ ਆਪ ਢਾਕੇ ਵਿਚ ਸਨ। ਆਪ ਜੀ ਦੋ ਕੁ ਸਾਲ ਅਸਾਮ ਵਿੱਚ ਰਹਿ ਕੇ ਵਾਪਸ ਅਨੰਦਪੁਰ ਸਾਹਿਬ ਆ ਗਏ ਅਤੇ ਪਰਿਵਾਰ ਨੂੰ ਪਟਨਾ ਸਾਹਿਬ ਤੋਂ ਅਨੰਦਪੁਰ ਸਾਹਿਬ ਬੁਲਾ ਭੇਜਿਆ।

ਇਧਰ ਮੁਗਲ ਰਾਜ ਜ਼ੁਲਮ-ਸਿਤਮ ਦੀ ਸਿਖਰ ਤੀਕ ਆ ਪਹੁੰਚਿਆ ਸੀ। ਔਰੰਗਜ਼ੇਬ ਕੱਟੜ ਤੇ ਸ਼ਰਈ

ਮੁਸਲਮਾਨ ਸੀ, ਉਹ ਚਾਹੁੰਦਾ ਸੀ ਕਿ ਸਾਰਾ ਦੇਸ਼ ਇਸਲਾਮੀ ਸ਼ਰਾ ਦੇ ਅਧੀਨ ਚਲੇ। ਉਹ ਬਾਕੀ ਖਲਕਤ ਨੂੰ ਕਾਫਰ ਸਮਝਦਾ ਸੀ। ਉਸਨੇ ਮੰਦਰ, ਠਾਕੁਰ ਦੁਆਰੇ ਢੁਆ ਕੇ ਮਸੀਤਾਂ ਉਸਾਰਣ ਦਾ ਐਲਾਨ ਕਰ ਦਿੱਤਾ। ਹਿੰਦੂਆ ਦੇ ਸਵਾ ਮਣ ਜੰਝੂ ਨਿੱਤ ਲਹਿਣੇ ਉਸਦਾ ਮਨੋਰਥ ਹੋ ਗਿਆ ਜਾਪਦਾ ਸੀ।

ਕਸ਼ਮੀਰ ਦੇ ਸੂਬੇ ਸ਼ੇਰ ਅਫਗਾਨ ਨੂੰ ਕਿਹਾ ਗਿਆ, ਹਿੰਦੂਆਂ ਦੇ ਪੈਰੋਕਾਰ ਪੰਡਤਾਂ ਨੂੰ ਜਬਰਨ ਮੁਸਲਮਾਨ ਬਣਾ ਲਿਆ ਜਾਵੇ ਤਾਂ ਜੋ ਬਾਕੀ ਜਨਤਾ ਆਪੇ ਹੀ ਇਨ੍ਹਾ ਦੇ ਪਿੱਛੇ ਤੁਰ ਪਏਗੀ। ਕਸ਼ਮੀਰ ਵਿੱਚ ਤੇਜੀ ਨਾਲ ਹਿੰਦੂਆਂ ਨੂੰ ਸ਼ਰਾ ਵਿੱਚ ਲਿਆਉਣ ਦੀ ਮੁਹਿੰਮ ਚਲ ਪਈ। ਕੁੱਝ ਕੁ ਆਗੂ ਕਸ਼ਮੀਰੀ ਪੰਡਤਾਂ ਨੇ ਸ਼ੇਰ ਅਫਗਾਨ ਨਾਲ ਗਲ-ਬਾਤ ਕੀਤੀ ਤੇ ਸੋਚਣ ਲਈ ਥੋੜੇ ਦਿਨਾਂ ਦੀ ਮੋਹਲਤ ਮੰਗੀ। ਪੰਡਤਾਂ ਨੇ ਅਮਰਨਾਥ ਦੇ ਮੰਦਰ ਜਾ ਕੇ ਇਹ ਫੈਸਲਾ ਕੀਤਾ ਕਿ ਹਿੰਦੂ ਧਰਮ ਦੀ ਰਖਿਆ ਲਈ ਗੁਰੂ ਤੇਗ ਬਹਾਦਰ ਜੀ ਅਗੇ ਪੁਕਾਰ ਕੀਤੀ ਜਾਵੇ। ਵਖ- ਵਖ ਪ੍ਰਾਂਤਾਂ ਦੇ ਹਿੰਦੂ ਮੁੱਖੀ ਪੰਡਤਾਂ ਦੀ ਇਕ ਟੋਲੀ ਕਸ਼ਮੀਰੀ ਪੰਡਤ ਕਿਰਪਾ ਰਾਮ ਦੀ ਅਗੁਵਾਈ ਹੇਠ ਕਸ਼ਮੀਰ ਤੋਂ ਅੰਨਦਪੁਰ ਸਾਹਿਬ ਲਈ ਚਲ ਪਈ।

ਗੁਰੂ ਦਰਬਾਰ ਪਹੁੰਚ ਕੇ ਉਨ੍ਹਾਂ ਗੁਰੂ ਜੀ ਅਗੇ ਧਰਮ ਦੀ ਰੱਖਿਆ ਕਰਨ ਹਿਤ ਫਰਿਆਦ ਕੀਤੀ ਅਤੇ ਜ਼ਾਲਮ ਰਾਜ ਦੀਆਂ ਕਰਤੂਤਾਂ ਦਸੀਆਂ। ਪੰਡਤਾਂ ਦੀ ਪੁਕਾਰ ਸੁਣ ਕੇ ਗੁਰੂ ਜੀ ਸੋਚਣ ਲਗ ਪਏ। ਉਸੇ ਸਮੇਂ ਦਸ਼ਮੇਸ਼ ਜੀ ਖੇਡ ਕੇ ਬਾਹਰੋਂ ਆਏ ਤਾਂ ਦੇਖਿਆ ਪੰਡਤ ਹੱਥ ਜੋੜ ਕੇ ਗਲੇ ਵਿੱਚ ਪੱਲਾ ਪਾਈ ਮਹਾਰਾਜ ਦੀ ਹਜੂਰੀ ਵਿੱਚ ਖੜੇ ਹਨ। ਦਸ਼ਮੇਸ਼ ਜੀ ਨੇ ਗੁਰੂ ਪਿਤਾ ਜੀ ਤੋਂ ਉਨ੍ਹਾਂ ਪੰਡਤਾਂ ਦੇ ਆਉਣ ਦਾ ਮਕਸਦ ਪੁਛਿਆ। ਗੁਰੂ ਤੇਗ ਬਹਾਦਰ ਜੀ ਨੇ ਫ਼ਰਮਾਇਆ- 'ਇਹ ਪੰਡਤ ਸਮੇਂ ਦੇ ਹਾਕਮ ਦੇ ਅਤਿਆਚਾਰਾਂ ਅਤੇ ਧਰਮ ਪਰੀਵਰਤਨ ਤੋਂ ਤੰਗ ਆ ਕੇ ਉਨ੍ਹਾਂ ਦੀ ਸ਼ਰਨ ਵਿੱਚ ਆਏ ਹਨ, ਇਨ੍ਹਾਂ ਦਾ ਧਰਮ ਖ਼ਤਰੇ ਵਿੱਚ ਹੈ। ਕਿਸੇ ਮਹਾਪੁਰਸ਼ ਦੇ ਬਲੀਦਾਨ ਦੀ ਲੋੜ ਹੈ ਤਾਂ ਹੀ ਇਨ੍ਹਾਂ ਦਾ ਧਰਮ ਬਚ ਸਕਦਾ ਹੈ।

ਨੌ ਸਾਲ ਦੇ ਬਾਲਕ ਦਸ਼ਮੇਸ਼ ਜੀ ਨੇ ਉੱਤਰ ਦਿੱਤਾ- 'ਪਿਤਾ ਜੀ ਆਪ ਜੀ ਤੋਂ ਜ਼ਿਆਦਾ ਮਹਾਪੁਰਸ਼ ਕੌਣ ਹੋ ਸਕਦਾ ਹੈ, ਆਪ ਇਨ੍ਹਾਂ ਦੀ ਅਤੇ ਇੰਨ੍ਹਾ ਦੇ ਧਰਮ ਦੀ ਰਖਿਆ ਕਰੋ ਅਤੇ ਹਿੰਦੂ ਧਰਮ ਬਚਾ ਲਵੋ।'

ਗੁਰੂ ਜੀ ਨੇ ਪੰਡਤਾਂ ਨੂੰ ਕਹਿ ਦਿੱਤਾ, "ਤੁਸੀਂ ਜਾ ਕੇ ਅਪਣੇ ਸੂਬੇ ਨੂੰ ਦਸ ਦਿਉ ਕਿ ਸਾਡੇ ਧਾਰਮਕ ਆਗੂ ਗੁਰੂ ਤੇਗ ਬਹਾਦਰ ਹਨ ਜੇ ਉਹ ਮੁਸਲਮਾਨ ਬਣ ਜਾਣ ਤਾਂ ਅਸੀਂ ਵੀ ਇਸਲਾਮ ਕਬੂਲ ਕਰ ਲਵਾਂਗੇ।"

ਪੰਡਤਾਂ ਨੇ ਵਾਪਸ ਆ ਕੇ ਸਾਰੀ ਗਲ ਸੂਬੇ ਨੂੰ ਅਤੇ ਸੂਬੇ ਨੇ ਔਰਗਜ਼ੇਬ ਨੂੰ ਕਹਿ ਸੁਣਾਈ। ਔਰੰਗਜ਼ਬ ਲਈ ਇਹ ਇਕ ਵਡੀ ਚੁਣੌਤੀ ਸੀ। ਔਰੰਗਜ਼ੇਬ ਨੇ ਸੋਚਿਆ ਇਕ ਗੁਰੂ ਜੀ ਨੂੰ ਮੁਸਲਮਾਨ ਬਣਾ ਲਿਆ ਜਾਵੇ ਤਾਂ ਸਾਰੇ ਲੋਕ ਇਸਲਾਮ ਵਿੱਚ ਸ਼ਾਮਲ ਹੋ ਜਾਣਗੇ। ਔਰੰਗਜ਼ੇਬ ਨੇ ਗੁਰੂ ਜੀ ਦੀ ਗਿਰਫ਼ਤਾਰੀ ਦਾ ਹੁਕਮ ਜਾਰੀ ਕਰ ਦਿੱਤਾ।

ਉਧਰ ਗੁਰੂ ਜੀ ਆਪੇ ਹੀ ਕੁੱਝ ਸਿੱਖਾਂ ਨੂੰ ਨਾਲ ਲੈ ਕੇ ਅੰਨਦਪੁਰ ਤੋਂ ਚਲ ਪਏ। ਕੀਰਤਪੁਰ, ਰੋਪੜ ਹੁੰਦੇ ਹੋਏ ਮਾਲਵੇ ਅਤੇ ਹੋਰ ਕਈਂ ਸ਼ਹਿਰਾਂ ਤੋਂ ਪੜਾਅ ਕਰਦੇ ਲੋਕਾਂ ਦੇ ਦਿਲਾਂ ਵਿੱਚ ਜ਼ੁਲਮ ਵਿਰੁਧ ਲੜਨ ਲਈ ਉਤਸਾਹ ਭਰਦੇ। ਨਾ ਕਿਸੇ ਨੂੰ ਭੈਅ ਦੇਣ ਅਤੇ ਨਾ ਹੀ ਕਿਸੇ ਨੂੰ ਭੈਅ ਮੰਨਣ ਦਾ ਉਪਦੇਸ਼ ਦੇਂਦੇ ਹੋਏ ਆਗਰੇ ਪੁੱਜੇ ਅਤੇ ਇਕ ਬਾਗ ਵਿੱਚ ਡੇਰਾ ਜਾ ਲਾਇਆ। ਕੁੱਝ ਲੋਕਾਂ ਨੇ ਕੋਤਵਾਲ ਨੂੰ ਗੁਰੂ ਜੀ ਦੇ ਆਉਣ ਦੀ ਖ਼ਬਰ ਦਿੱਤੀ।

ਗੁਰੂ ਜੀ ਨੂੰ ਪੰਜਾਂ ਸਿੱਖਾਂ ਸਮੇਤ ਸਖ਼ਤ ਪਹਿਰੇ ਹੇਠ ਦਿੱਲੀ ਲਿਆਂਦਾ ਗਿਆ। ਦਿੱਲੀ ਵਿੱਚ ਚਾਂਦਨੀ ਚੌਂਕ ਕੋਤਵਾਲੀ ਵਾਲੀ ਥਾਂ ਤੇ ਗੁਰੂ ਜੀ ਤੇ ਨਾਲ ਆਏ ਸਿੱਖਾਂ ਸਮੇਤ ਕੈਦ ਰਖਿਆ ਗਿਆ।

ਬਾਦਸ਼ਾਹ ਦੇ ਹੁਕਮ ਨਾਲ ਕਾਜ਼ੀ ਅਤੇ ਮੌਲਾਣੇ ਗੁਰੂ ਜੀ ਨੂੰ ਮਿਲੇ ਅਤੇ ਕਹਿਣ ਲਗੇ, "ਬਾਦਸ਼ਾਹ ਚਾਹੁੰਦਾ ਹੈ ਕਿ ਆਪ ਦੀਨ ਕਬੂਲ ਕਰਕੇ ਮੁਸਲਮਾਨਾਂ ਦੇ ਪੀਰ ਬਣ ਜਾਓ ਅਤੇ ਐਸ਼-ਇਸ਼ਰਤ ਦਾ ਜੀਵਨ ਬਤੀਤ ਕਰੋ।"

ਗੁਰੂ ਜੀ ਨੇ ਫਰਮਾਇਆ, "ਸਾਨੂੰ ਸੰਸਾਰਕ ਸੁੱਖ ਨਹੀਂ ਚਾਹੀਦੇ। ਤੁਸੀਂ ਬਾਦਸ਼ਾਹ ਨੂੰ ਜਾ ਕੇ ਸਮਝਾਓ ਕਿਸੇ ਦਾ ਜੋਰ-ਜ਼ਬਰ ਨਾਲ ਧਰਮ ਬਦਲਣਾ ਉਚਿਤ ਨਹੀਂ।"
ਉਨ੍ਹਾਂ ਨੇ ਤਿੰਨ ਸ਼ਰਤਾਂ ਗੁਰੂ ਜੀ ਸਾਹਮਣੇ ਰਖੀਆਂ:

'ਇਸਲਾਮ ਕਬੂਲ ਕਰੋ, ਜਾਂ ਕਰਾਮਾਤ ਦਿਖਾਓ ਨਹੀਂ ਤਾਂ ਮਰਨ ਲਈ ਤਿਆਰ ਹੋ ਜਾਓ।'

ਸੂਰਜ ਪ੍ਰਕਾਸ਼ ਦੇ ਲਿਖਾਰੀ ਨੇ ਇਸ ਸੰਬੰਧ ਵਿੱਚ ਲਿਖਿਆ ਹੈ:

"ਤੀਨ ਬਾਤ ਨਿਰਨੈ ਕਰ ਲੀਜੈ ।

ਲਖਹੁ ਭਲੀ ਸੋ ਧਾਰਨਿ ਕੀਜੈ।
ਸ਼ਰਾ ਚਲਹੁ ਕਲਮੇ ਕਹੁ ਪਾਢ਼ਿ ਮੁਖ।
ਦੇਹਿ ਸ਼ਾਹ ਭੋਗਹੁ ਸਭਿ ਬਿਧਿ ਸੁਖ।
ਜੋ ਹਠ ਕਰਹੁ ਨ ਮਾਨਹੁ ਏਹੁ।
ਕਰਾਮਾਤ ਕਾਮਲ ਹੁਇ ਦੇਹੋ
ਜਿਮ ਹਜ਼ਰਤ ਤੁਮ ਤੇ ਕਰਿਵਾਵੈ।
ਤਿਮ ਕਰਿ ਦੇਹੁ ਦੇਖਿ ਹਰ ਖਾਵੈ।
ਜੇ ਇਮ ਦੋਨਹੁ ਨਾਂਹਿ ਨ ਮਾਨਹੁ।
ਆਪਣੇ ਪ੍ਰਾਨ ਪ੍ਰਾਨ ਕਹੁ ਹਾ ਨਹੁ"।

ਗੁਰੂ ਜੀ ਨੇ ਬੜੇ ਧੀਰਜ ਨਾਲ ਉੱਤਰ ਦਿੱਤਾ- ਅਸਾਂ ਨਾਹ ਤਾਂ ਅਪਣਾ ਧਰਮ ਛੱਡਣਾ ਹੈ ਨਾ ਹੀ ਕਰਾਮਾਤ ਦਿਖਾਉਣੀ ਹੈ ਤੁਸੀਂ ਜੋ ਜੀ ਆਏ ਕਰੋ। ਕਿਉਂਕਿ ਕਰਮਾਤ ਦਿਖਾਉਣਾ ਕੁਦਰਤ ਦੇ ਅਸੂਲਾਂ ਦੇ ਖਿਲਾਫ਼ ਹੈ।

ਗੁਰੂ ਜੀ ਤੇ ਮਾਨਸਿਕ ਦਬਾਅ ਪਾਉਣ ਲਈ ਗੁਰੂ ਜੀ ਨਾਲ ਆਏ ਸਿੱਖਾਂ ਤੇ ਤਸ਼ੱਦਦ ਕਰਦੇ ਹੋਏ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚੀਰਿਆ ਗਿਆ। ਭਾਈ ਦਿਆਲਾ ਜੀ ਨੂੰ ਦੇਗ ਵਿੱਚ ਉਬਾਲਿਆ ਗਿਆ।

ਉਧਰ ਸ਼੍ਰੀ ਦਸ਼ਮੇਸ਼ ਜੀ ਨੇ ਗੁਰੂ ਸਾਹਿਬ ਦਾ ਪਤਾ ਲੈਣ ਲਈ ਅਨੰਦਪੁਰ ਸਾਹਿਬ ਤੋਂ ਇਕ ਸਿੱਖ ਨੂੰ ਦਿੱਲੀ ਭੇਜਿਆ ਗੁਰੂ ਜੀ ਨੇ ਇਕ ਸ਼ਲੋਕ ਲਿਖ ਕੇ ਦਸ਼ਮੇਸ਼ ਜੀ ਨੂੰ ਭੇਜਿਆ,

ਬਲ ਛੁਟਕਿਓ ਬੰਧਨ ਪਰੇ, ਕਛੂ ਨਾ ਹੋਤ ਉਪਾਇ॥
ਕਹੁ ਨਾਨਕ ਅਬ ਓਟ ਹਰਿ ਗਜ ਜਿਓ ਹੋਹੁ ਸਹਾਇ॥

ਅਗੋਂ ਦਸ਼ਮੇਸ਼ ਜੀ ਨੇ ਉੱਤਰ ਵਿੱਚ ਇਓਂ ਲਿਖ ਕੇ ਭੇਜਿਆ:

ਬਲ ਹੋਆ ਬੰਧਨ ਛੁਟੇ, ਸਭ ਕਿਛੁ ਹੋਤ ਉਪਾਇ॥
ਨਾਨਕ ਸਭ ਕਿਛ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ॥

ਇਹ ਪੜ੍ਹ ਕੇ ਗੁਰੂ ਤੇਗ ਬਹਾਦਰ ਜੀ ਨੂੰ ਵਿਸ਼ਵਾਸ ਹੋ ਗਿਆ ਕਿ ਗੁਰ-ਗੱਦੀ ਦੀ ਜਿੰਮੇਵਾਰੀ ਸੰਭਾਲਣ ਲਈ ਦਸ਼ਮੇਸ਼ ਜੀ ਤਿਆਰ ਹਨ। ਗੁਰੂ ਜੀ ਨੂੰ ਮਿੱਥੇ ਸਮੇਂ 'ਤੇ ਪਿੰਜਰੇ ਵਿੱਚੋਂ ਕਢ ਕੇ ਚਾਂਦਨੀ ਚੌਂਕ ਲਿਆਇਆ ਗਿਆ। ਆਪ ਜੀ ਨੇ ਪਾਸ ਦੇ ਖੂਹ ਤੋਂ ਇਸ਼ਨਾਨ ਕੀਤਾ ਤੇ ਫਿਰ ਬੋਹੜ ਥੱਲੇ ਬੈਠ ਗਏ ਜਲੱਦ ਤਲਵਾਰ ਲੈ ਕੇ ਆ ਗਿਆ। ਹਜ਼ਾਰਾਂ ਲੋਕਾਂ ਨੇ ਇਹ ਦਰਦਨਾਕ ਦ੍ਰਿਸ਼ ਦੇਖਿਆ। ਗੁਰੂ ਜੀ ਨੇ ਚੌਂਕੜੀ ਮਾਰ ਕੇ ਜਪੁਜੀ ਸਾਹਿਬ ਦਾ ਪਾਠ ਕਰਨਾ ਸ਼ੁਰੂ ਕਰ ਦਿੱਤਾ। ਜਿਸ ਵੇਲੇ ਭੋਗ ਪਾਇਆ ਅਤੇ ਮੱਥਾ ਟੇਕਿਆ। ਉਸੇ ਪਲ ਜਲਾਦ ਨੇ ਗੁਰੂ ਜੀ ਦਾ ਸਿਰ ਧੜ ਤੋਂ ਅੱਡ ਕਰ ਦਿੱਤਾ। ਜਿੱਥੇ ਗੁਰੂ ਜੀ ਨੂੰ ਸ਼ਹੀਦ ਕੀਤਾ ਗਿਆ ਉਥੇ ਹੁਣ ਗੁਰਦੁਆਰਾ ਸੀਸ ਗੰਜ ਸਾਹਿਬ ਹੈ। ਇਹ ਵਡਾ ਸਾਕਾ ਮੱਘਰ ਸੁੱਦੀ ਪੰਜ, 11 ਮੱਘਰ ਸੰਮਤ 1732 ਮੁਤਾਬਕ 11 ਨਵੰਬਰ 1675 ਨੂੰ ਹੋਇਆ।

ਗੁਰੂ ਜੀ ਦਾ ਸੀਸ ਭਾਈ ਜੈਤਾ ਲੈ ਕੇ ਅਨੰਦਪੁਰ ਪੁਜ ਗਿਆ।ਜਦੋਂ ਦਸ਼ਮੇਸ਼ ਜੀ ਨੇ ਆਪਣੇ ਗੁਰੂ ਪਿਤਾ ਦਾ ਸੀਸ ਦੇਖਿਆ ਤਾਂ ਉਹਨਾਂ ਨੇ ਭਾਈ ਜੈਤੇ ਨੂੰ ਗਲ ਨਾਲ ਲਗਾਇਆ ਤੇ ਬਚਨ ਕੀਤਾ:

"ਰੰਗਰੇਟਾ- ਗੁਰੂ ਕਾ ਬੇਟਾ"

ਸੀਸ ਦਾ ਸਸਕਾਰ ਅਨੰਦਪੁਰ ਵਿਖੇ ਹੋਇਆ। ਉਥੇ ਗੁਰਦੁਆਰਾ ਸੀਸ ਗੰਜ ਸਥਿਤ ਹੈ। ਧੜ ਭਾਈ ਲੱਖੀ ਸ਼ਾਹ ਵਣਜਾਰਾ ਰੂੰ ਦੇ ਗੱਡੇ ਵਿੱਚ ਰੱਖ ਕੇ ਅਪਣੇ ਘਰ ਲੈ ਗਿਆ। ਉਥੇ ਗੁਰੂ ਜੀ ਦੇ ਧੜ ਨੂੰ ਰੂੰ ਵਿੱਚ ਲਪੇਟ ਕੇ ਚਿਖਾ ਬਣਾ ਕੇ ਅਪਣੇ ਘਰ ਨੂੰ ਅੱਗ ਲਗਾ ਦਿੱਤੀ। ਜਿੱਥੇ ਗੁਰੂ ਜੀ ਦੇ ਧੜ ਦਾ ਸੰਸਕਾਰ ਹੋਇਆ ਉਥੇ ਹੁਣ ਗੁਰਦੁਆਰਾ ਰਕਾਬ ਗੰਜ ਮੌਜੂਦ ਹੈ।

ਸ੍ਰੀ ਦਸ਼ਮੇਸ਼ ਜੀ ਨੇ ਗੁਰੂ ਜੀ ਦੀ ਸ਼ਹਾਦਤ ਨੂੰ ਇਓਂ ਵਰਣਿਤ ਕੀਤਾ ਹੈ:

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥
ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨਿ ਹੇਤ ਇਤਿ ਜਿਨਿ ਕਰੀ॥
ਸੀਸ ਦੀਆਂ ਪਰ ਸੀ ਨਾ ਉਚਰੀ॥

ਦੋਹਿਰਾ

ਠੀਕਿਰ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥
ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥
ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥
ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ "ਹਿੰਦ ਦੀ ਚਾਦਰ" ਬਣ ਕੇ, ਅਪਣਾ ਆਪਾ ਬਲੀਦਾਨ ਦੇ ਕੇ ਧਰਮ ਦੀ ਰੱਖਿਆ ਕੀਤੀ। ਸ਼ਾਂਤੀ ਦੇ ਪੁੰਜ ਗੁਰੂ ਜੀ ਦੀ ਇਹ ਸ਼ਹਾਦਤ ਕਲਜੁਗ ਵਿੱਚ ਵਾਪਰਿਆ ਇਕ ਵਡਾ ਸਾਕਾ ਹੈ, ਜੋ ਸਦੀਆਂ ਤਕ ਇਕ ਮਿਸਾਲ ਦੇ ਰੂਪ ਵਿੱਚ ਕਾਇਮ ਰਹੇਗਾ।

.......................................................

# ਬੀਤੇ ਦੀਆਂ ਪੈੜਾਂ



**(ਅਣਛਪਿਆ-ਭਾਗ)**

**(ਪਿਛਲੇ ਅੰਕ ਤੋਂ ਅੱਗੇ)**

**ਪ੍ਰੀਤਮ ਸਿੰਘ ਕਵੀ**

ਘਾਹ ਫੂਸ ਸਾਫ ਕਰਕੇ ਚੁਗਿਰਦਾ ਵਾਹ ਦਿੱਤਾ ਗਿਆ ਹੈ। ਖੇਤਰ ਦੇ ਪਰਵੇਸ਼ ਦੇ ਸੁੰਦਰ ਗੇਟ ਇਸ ਨਾਲ ਸੱਜੇ ਹੱਥ 'ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦਾ ਬੋਰਡ ਚਮਕ ਰਿਹਾ ਹੈ ਅਤੇ ਮੰਦਰ ਦੁਆਲੇ ਉਚੀਆਂ ਪੋਲਾਂ ਤੇ ਰੇਸ਼ਮੀ ਝੰਡੇ ਫਰਫਰਾ ਰਹੇ ਹਨ। ਮੰਦਰ ਦੀ ਪਵਿੱਤਰਤਾ ਨੂੰ ਹੋਟਲ ਦੀ ਸ਼ੋਭਾ ਦੇ ਰਹੇ ਹਨ। ਸਾਰਾ ਮਾਰਗ ਝੰਡੀਆਂ ਨਾਲ ਢਕਿਆ ਹੋਇਆ ਹੈ। ਗੋਲ ਛੱਪਰ ਵਿੱਚ ਪਾਠਾਂ ਦਾ ਆਯੋਜਨ ਹੈ। ਮੰਚ ਪਿਛਲੇ ਰਾਹੋਂ ਅੰਦਰ ਆ ਗਿਆ ਹਾਂ। ਮੰਚ ਵੀ ਦੁਲਹਨ ਵਾਂਗ ਸਜਿਆ ਹੋਇਆ ਹੈ। ਏਨੀ ਸਜਾਵਟ ਕਦੇ ਵੀ ਵੇਖੀ ਨਹੀਂ। ਗੇਂਦੇ ਦੇ ਫੁੱਲਾਂ ਦਾ ਹਾਰ ਤੇ ਲੜੀਆਂ ਸ਼ੋਭਾਦਾਇਕ ਜੁਗਤ ਨਾਲ ਸਜਾਏ ਹੋਏ ਹਨ। ਮੰਚ ਵਾਲੀ ਪਿਛਵਾੜੇ ਵਾਲੀ ਦੀਵਾਰ ਤੇ ਵੀ ਉਦਘਾਟਨ ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ 1 ਵੈਸਾਖ 2044 ਦਾ ਪਟਕਾ ਲੱਗਿਆ ਹੋਇਆ ਹੈ। ਮੰਚ ਤੇ ਗੁਰੂ ਕੇ ਰਾਗੀ ਸੰਤ ਹਰਬੰਸ ਸਿੰਘ ਘੁੱਲਾ, ਸੰਤ ਖਜਾਨ ਸਿੰਘ ਆਸਾ ਦੀ ਵਾਰ ਦਾ ਕੀਰਤਨ ਕਰ ਰਹੇ ਸਨ। ਸਰੋਤੇ ਵੀ ਕਾਫੀ ਗਿਣਤੀ ਵਿੱਚ ਸਨ। ਪਰ ਸਤਿਗੁਰੂ ਜੀ ਅਜੇ ਦੀਵਾਨ ਵਿੱਚ ਨਹੀਂ ਪਧਾਰੇ। ਪੰਜ ਵੱਜਦਿਆਂ ਨਾਲ ਹੀ ਸ੍ਰੀ ਸਤਿਗੁਰੂ ਜੀ ਵੀ ਆ ਗਏ। ਹਰ ਕੋਈ ਨਮਸਕਾਰ ਲਈ ਉੱਠ ਖਲੋਤਾ ਹੈ। ਇਸ ਵੇਲੇ 400 ਸਰੀਰ ਤੋਂ ਵੱਧ ਨਹੀਂ। ਪਰ ਮਿੰਟਾਂ ਵਿੱਚ ਹੀ ਬਾਹਰੋਂ ਮੱਥਾ ਟੇਕਣ ਵਾਲੇ ਸਰੀਰ ਆਉਣ ਲੱਗੇ ਤੇ ਆਸਾ ਦੀ ਵਾਰ ਦੀ ਸਮਾਪਤੀ ਤੱਕ 600 ਤੱਕ ਸਰੀਰ ਇਕੱਤਰ ਹੋ ਗਏ। 6.15 ਵਜੇ ਵੈਸਾਖ ਮਹੀਨੇ ਦਾ ਸ਼ਬਦ ਗਾਇਨ ਹੋ ਕੇ ਆਸਾ ਦੀ ਵਾਰ ਖਤਮ ਕੀਤੀ ਗਈ।

ਫਿਰ ਇਸੇ ਦੌਰਾਨ ਸਜੀ ਸੰਗਤ ਦੇ ਦਰਮਿਆਨ ਆਦਿ ਗ੍ਰੰਥ ਸਾਹਿਬ ਜੀ ਦੀ ਇੱਕ ਬੀੜ ਤੋਂ ਭੋਗ ਪੈਣੇ ਸ਼ੁਰੂ ਹੋ ਗਏ। ਇਸ ਪਾਠ ਦੀ ਅਰਦਾਸ ਤੋਂ ਪਤਾ ਲੱਗਾ ਜੋਕਿ ਸੰਤ ਪੂਰਬਾ ਜੀ ਪਾਸੋਂ ਹੋਈ ਸੀ ਕਿ ਇਹ ਅਰਦਾਸ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦੇ ਸਕੂਲ ਨਮਿਤ ਹੈ। 6.30 ਵੱਜ ਗਏ। ਅੱਜ ਦੀ ਇਕੱਤਰਤਾ ਵਿੱਚ ਕੁਝ ਨਾਮ ਜਿਕਰਯੋਗ ਹਨ। ਇਹਨਾਂ ਵਿੱਚੋਂ ਕੁਝ ਮੰਚ ਦੀ ਸੋਭਾ ਸਨ ਅਤੇ ਕੁਝ ਦਰਸ਼ਕਾਂ ਵਿੱਚ ਬੈਠੇ ਹੋਏ ਸਨ ਜਿਵੇਂ ਕਿ ਸੰਤ ਜਗਤਾਰ ਸਿੰਘ, ਸੇਠ ਤ੍ਰਿਲੋਕ ਸਿੰਘ , ਹਰਵਿੰਦਰ ਸਿੰਘ ਹੰਸਪਾਲ ਜੀ, ਸ. ਹਰਭਜਨ ਸਿੰਘ ਜੀ ਨੌਰੰਗਾਬਾਦੀ, ਸੇਠ ਹਰਮਿੰਦਰ ਸਿੰਘ ਚਾਵਲਾ ਬੈਕੋਂਕ, ਸੰਤ ਵਜਿੰਦਰ ਸਿੰਘ ਬੈਕੋਂਕ, ਸੇਠ ਗੁਰਦਰਸ਼ਨ ਸਿੰਘ ਬੈਂਕੋਕ ਸਮੇਤ ਗਵਾਲੀਅਰ ਪੜ੍ਹਦੇ ਲੜਕੇ ਦੇ। ਸਾਧੂ ਸਿੰਘ ਜਲੰਧਰ, ਚੈਅਰਮੈਨ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ, ਪ੍ਰਿੰਸੀਪਲ ਸ. ਗੁਰਦਿਆਲ ਸਿੰਘ ਵਾਈਸ ਚੈਅਰਮੈਨ, ਸ. ਜਗਤ ਸਿੰਘ ਸਕੱਤਰ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ, ਹੈਡ ਮਾਸਟਰ ਸ. ਜਗਤ ਸਿੰਘ ਅਕੈਡਮੀ ਸਕੂਲ, ਉਸਤਾਦ ਪਿਆਰਾ ਸਿੰਘ ਦਿੱਲੀ, ਸ. ਲਾਭ ਸਿੰਘ ਹੈਦਰਾਬਾਦ, ਸ. ਸੇਵਾ ਸਿੰਘ ਨਾਮਧਾਰੀ ਏਜੰਸੀ, ਸੰਤ ਬਲਵੰਤ ਸਿੰਘ ਮੁਖੀ ਭੈਣੀ ਸਾਹਿਬ ਵਿਕਾਸ ਸਮਿਤੀ। ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾਸਟਰ ਨਿਹਾਲ ਸਿੰਘ, ਸਤਿਜੁਗ ਸੰਪਾਦਕ ਸਨਖੱਤਰਾ, ਨਿਰੀਖਿਅਕ ਸੰਪਾਦਕ ਦਲੀਪ ਸਿੰਘ ਚਾਵਲਾ, ਸ. ਜੁਗਿੰਦਰ ਸਿੰਘ ਉਬਿਰਾਏ, ਪ੍ਰਤੀਨਿਧੀ ਅੰਗਰੇਜ਼ੀ ਟ੍ਰਿਬਿਊਨ, ਅਜੀਤ ਦੇ ਪ੍ਰਤੀਨਿਧੀ ਸ੍ਰੀ ਮੁਸਾਫਰ, ਸ. ਸ਼ਾਮ ਸਿੰਘ ਲੁਧਿਆਣਾ, ਸ੍ਰੀ ਸੁਰਜੀਤ ਖੁਰਸ਼ੀਦੀ, ਸ, ਮਹਿੰਦਰ ਸਿੰਘ ਬੱਲ, ਚੈਅਰਮੈਨ ਗੁਰੂ ਹਰੀ ਸਿੰਘ ਕੰਪਲੈਕਸ ਕਮੇਟੀ, ਸ. ਹਰਮੀਤ ਸਿੰਘ, ਜੀਵਨ ਨਗਰ ਦੇ ਚੈਅਰਮੈਨ, ਅਮਰੀਕ ਸਿੰਘ ਮੈਨੇਜਰ ਗੁਰੂ ਹਰੀ ਸਿੰਘ ਕਾਲਜ, ਆਦਿ ਹੋਰ ਅਨੇਕਾਂ। ਇਸ ਸਮਾਗਮ ਦੇ ਮੰਚ ਪ੍ਰਬੰਧਕ ਸ. ਨਿਰਮਲ ਸਿੰਘ ਆਰਕੀਟੈਕਟ ਸਕੱਤਰ ਗੁਰੂ ਰਾਮ ਸਿੰਘ ਅਕੈਡਮੀ ਸਨ। ਵਾਰ ਦੀ ਸਮਾਪਤੀ ਪਿੱਛੋਂ ਇੱਕ ਜਰੂਰੀ ਇਕੱਤਰਤਾ ਲਈ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਖਾਸ ਵਿਅਕਤੀਆਂ ਦੀ ਇੱਕ ਮੀਟਿੰਗ

ਮੰਚ ਪਿਛਲੇ ਕਮਰੇ ਵਿੱਚ ਹੋਣ ਕਾਰਨ ਮੰਚ ਮੇਰੇ ਹਵਾਲੇ ਕਰ ਦਿੱਤਾ ਗਿਆ। ਮੈਂ ਅਜੇ ਉਂਜ ਹੀ ਇਹਨਾਂ ਸਰਗਰਮੀਆਂ ਤੋਂ ਅਣਮਿਲ ਸਾਂ, ਤਾਂ ਵੀ 6. 45 ਤੋਂ ਮੈਂ ਸਤਿਗੁਰੂ ਪ੍ਰਤਾਪ ਸਿੰਘ ਸਿੰਘ ਅਕੈਡਮੀ ਬਾਰੇ ਕੁਝ ਸ਼ਬਦ ਆਖੇ। ਬਾਅਦ ਵਿੱਚ ਮੈਂ ਇਸ ਸਕੂਲ ਦੇ ਹੈਡ ਮਾਸਟਰ ਸ. ਜਸਵੰਤ ਸਿੰਘ ਕੰਵਲ ਦਾ ਨਾਮ ਲਿਆ। ਜਿੰਨਾ ਦੀ ਪਗੜੀ ਟੇਢੀ ਅਤੇ ਹੇਠ ਨਾਮਧਾਰੀ ਵਸਤਰ ਹਨ। ਉਹਨਾਂ ਨੇ ਲਿਖਿਤ ਤਕਰੀਰ ਪੜ੍ਹੀ ਜੋ ਸੰਸਕ੍ਰਿਤ ਦੇ ਸੁੰਦਰ ਸ਼ਬਦਾਂ ਦੇ ਲਿਬਾਸ ਵਿੱਚ ਸੀ। ਆਪ ਨੇ ਕਿਹਾ–

1. ਸਾਡਾ ਸਕੂਲ ਗੁਰੂ ਰਾਮ ਸਿੰਘ ਜੀ ਦੇ ਆਦਰਸ਼ ਅਤੇ ਅਸੂਲਾਂ ਨੂੰ ਕਾਇਮ ਰੱਖਦਾ ਹੈ। ਏਥੇ ਪੜ੍ਹਨ ਵਾਲੇ ਬੱਚਿਆਂ ਨੂੰ ਅਜੋਕੀ ਤਾਲੀਮ ਅੰਗਰੇਜੀ ਮਾਧਿਅਮ ਵਿੱਚ ਦੇਵਾਂਗੇ।

2.ਰਾਸ਼ਟਰੀ ਅਤੇ ਅੰਤਰਰਾਸ਼ਟਰੀ ਕਾਰਜ ਖੇਤਰ ਵਿੱਚ ਵਿਚਰਣ ਲਈ ਅੰਗਰੇਜੀ ਦਾ ਵਰਤਣਾ ਜਰੂਰੀ ਜੈਸਾ ਹੋ ਗਿਆ ਹੈ।

ਇਹਨਾਂ ਜਰੂਰਤਾਂ ਨੂੰ ਸਮਝ ਕੇ ਹੁਣ ਸਤਿਗੁਰੂ ਜੀ ਨੇ ਅੰਗਰੇਜੀ ਮਾਧਿਅਮ ਵਿੱਚ ਤਾਲੀਮ ਦੇਣ ਦੀ ਆਗਿਆ ਕੀਤੀ ਹੈ। ਅਸੀਂ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸਕੂਲ ਵਿੱਚ ਸਾਦਗੀ, ਉੱਚੀ ਰਹਿਣੀ-ਬਹਿਣੀ, ਧਾਰਮਿਕਤਾ, ਅਨੁਸ਼ਾਸ਼ਨ, ਦੇਸ਼ ਭਗਤੀ, ਅਹਿੰਸਾ ਅਤੇ ਨੈਤਿਕਤਾ ਆਦਿ ਦੇ ਬੀਜ ਵਿਦਿਆਰਥੀਆਂ ਦੀ ਮਨੋਭੂਮੀ ਵਿੱਚ ਬੀਜਾਂਗੇ।

3. ਸਾਡਾ ਸਕੂਲ ਉਪਰੋਕਤ ਗੱਲਾਂ ਨੂੰ ਅਮਲ ਵਿੱਚ ਲਿਆਉਂਦਾ 1986 ਦੀ ਕਿੱਤਾ ਟ੍ਰੇਨਿੰਗ ਨੂੰ ਨਾਲ ਨਾਲ ਜਾਰੀ ਰੱਖੇਗਾ ਤਾਂਕਿ ਸਾਡੇ ਵਿਦਿਆਰਥੀਆਂ ਲਈ ਬੇਰੋਜਗਾਰੀ ਦੀ ਸਮੱਸਿਆ ਨਾ ਹੋਵੇ।

4. ਏਥੇ ਕੇ. ਜੀ. ਤੋਂ ਲੈ ਕੇ +2 ਤੱਕ ਪੜ੍ਹਾਈ ਹੋਵੇਗੀ।

5. ਇਹ ਸਕੂਲ ਰਿਹਾਇਸ਼ੀ ਹੋਵੇਗਾ।

6. ਦਾਖਲੇ ਵਾਸਤੇ 196 ਬੱਚਿਆਂ ਦੇ ਨਾਮ ਆ ਚੁੱਕੇ ਹਨ।

7. ਸਾਡੇ ਸਕੂਲ ਦੀ ਫੀਸ 8500 ਰੁਪਏ ਸਾਲਾਨਾ ਹੈ, ਦੂਜੇ ਅਜਿਹੇ ਸਕੂਲਾਂ ਤੋਂ ਬਹੁਤ ਘੱਟ।

8. ਬੱਚੇ ਅਤੇ ਬੱਚੀਆਂ ਲਈ ਪੁਸ਼ਾਕ ਨਾਮਧਾਰੀ ਕਾਟ ਦੇ ਬਸਤਰ ਹੋਣਗੇ।

9. ਅਸੀਂ ਬੱਚਿਆਂ ਦੇ 24 ਘੰਟਿਆਂ ਦੇ ਜੀਵਨ ਲਈ ਜਿੰਮੇਵਾਰ ਹੋਵਾਗੇ

10. ਅਸੀਂ ਆਪਣੇ ਸਕੂਲ ਨੂੰ 3 ਹਾਊਸਾਂ ਵਿੱਚ ਵੰਡਿਆ ਹੈ- ਸ਼ਹੀਦ ਬਿਸ਼ਨ ਸਿੰਘ ਹਾਊਸ, ਸੰਤ ਕੇਸਰ ਸਿੰਘ ਹਾਊਸ ਅਤੇ ਮਹਾਰਾਜਾ ਰਣਜਤਿ ਸਿੰਘ ਹਾਊਸ

11. ਸਕੂਲ ਸਵੇਰੇ 4 ਵਜੇ ਤੋਂ ਚੱਲ ਕੇ ਰਾਤ ਦੇ 9 ਵਜੇ ਤੱਕ ਜਾਰੀ ਰਹੇਗਾ

ਇਸ ਤੋਂ ਬਾਅਦ ਸਕੂਲ ਬਾਰੇ ਹੋਰ ਜਾਣਕਾਰੀ ਦੇ ਕੇ ਸਕੂਲ ਦੇ ਅਧਿਆਪਕਾਂ ਬਾਰੇ ਵਾਕਫੀ ਦਿੱਤੀ। ਇੱਕ ਤਰ੍ਹਾਂ ਇਹ ਤਕਰੀਰ ਸਕੂਲ ਨਾਲ ਸੰਬੰਧਿਤ ਹਰ ਪ੍ਰਕਾਰ ਦਾ ਧਿਆਨ ਕਰਵਾਉਣ ਵਾਲੀ ਸੀ।

7 ਵੱਜ ਗਏ ਅਤੇ ਅਤੇ ਅੰਦਰੂਨੀ ਮੀਟਿੰਗ ਜਾਰੀ ਸੀ। ਫਿਰ ਇਸ ਅਕੈਡਮੀ ਦੇ ਵਾਈਸ ਚੈਅਰਮੈਨ ਸ. ਗੁਰਦਿਆਲ ਸਿੰਘ ਪਿੰਸੀਪਲ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਬੋਲੇ। ਆਪ ਜੀ ਨੇ ਪਰਮ ਸ਼ਰਧਾ ਅਤੇ ਸਤਿਕਾਰ ਨਾਲ ਸਤਿਗੁਰੂ ਜੀ ਅਤੇ ਸੰਗਤ ਨੂੰ ਸੰਬੋਧਨ ਕਰਕੇ ਆਪਣੇ ਵਿਚਾਰ ਪੇਸ਼ ਕੀਤੇ। ਸੰਖੇਪ ਇਸ ਪ੍ਰਕਾਰ ਹੈ–

ਜਿਵੇਂ ਅੱਜ ਦਾ ਇਹ ਦੀਵਾਨ ਸੱਜਿਆ ਹੈ, 288 ਸਾਲ ਪਹਿਲੇ ਵੀ ਦਸ਼ਮੇਸ਼ ਪਿਤਾ ਦੇ ਸਮੇਂ ਇਸੇ ਤਰ੍ਹਾਂ ਦਾ ਦੀਵਾਨ ਸੱਜਿਆ ਸੀ। ਉਸ ਦਿਨ ਵੀ ਸਾਨੂੰ ਨਵਾਂ ਸੰਦੇਸ਼ ਮਿਲਿਆ ਸ, ਅੱਜ ਵੀ ਉਸੇ ਤਰ੍ਹਾਂ ਨਵਾਂ ਸੰਦੇਸ਼ ਸਾਡੇ ਸਨਮੁਖ ਹੈ। ਸਤਿਗੁਰੂ ਜੀ ਜਿੱਥੇ ਨਾਮ ਦਾਨ ਦੀ ਦਾਤ ਪ੍ਰਧਾਨ ਕਰਦੇ ਹਨ ਉੱਥੇ ਚੰਗੇ ਜੀਵਨ ਜਾਚ ਦੇਣ ਵਾਲੀ ਵਿੱਦਿਆ ਵੀ ਬਖਸ਼ਿਆ ਕਰਦੇ ਹਨ। ਸਭ ਤੋਂ ਪਹਿਲਾਂ ਮੌਲਾਨਾ ਭਰਾਵਾਂ ਨੇ ਮੁਸਲਿਮ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਫਿਰ ਮਾਲਵਾ ਕਾਲਜ ਸਥਾਪਿਤ ਹੋਇਆ, ਦਾਸ ਵੀ ਇਸੇ ਕਾਲਜ ਦਾ ਵਿਦਿਆਰਥੀ ਹੈ। ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸ਼੍ਰੇਸ਼ਟ ਸਪੁੱਤਰ ਅਤੇ ਜਾਨਸ਼ੀਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸਾਡੇ ਤੇ ਇਹ ਸਕੂਲ ਦੀ ਕਿਰਪਾ ਕੀਤੀ ਹੈ। ਆਤਮਿਕ ਭੁੱਖ ਹੋਰਨਾਂ ਸਕੂਲਾਂ ਦੀ ਤਾਂ ਬਣੀ ਰਹਿੰਦੀ ਹੈ ਸਾਡੀ ਇਹ ਭੁੱਖ ਤਾਂ ਨਹੀਂ ਪਰ ਵਿਹਾਰਕ ਪੱਧਰ ਤੇ ਉੱਚਾ ਉੱਡਣ ਲਈ ਇਹ ਯਤਨ ਹੈ। ਅੰਗਰੇਜੀ ਤਾਲੀਮ ਬਿਨ੍ਹਾਂ ਅੱਜ ਦੇ ਸਮੇਂ ਵਿੱਚ ਉੱਨਤੀ ਕਰਨਾ ਨਾਮੁਮਕਿਨ ਹੈ। ਮੇਰੇ ਨਾਨਾ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕੀਤੇ। ਆਪ ਜੀ ਕਿਹਾ ਕਰਦੇ ਸਨ– "ਮੈਂ ਸਤਿਜੁਗ ਲਿਆ ਰਿਹਾ ਹਾਂ।

ਅਸੀਂ ਪੁਰਾਣੀ ਅਰਥਾਤ ਸਦੀਵੀ ਸੱਭਿਅਤਾ ਨੂੰ ਭੁੱਲਦੇ ਜਾ ਰਹੇ ਹਾਂ, ਨੂੰ ਅਜੋਕੇ ਜੁਗ ਵਿੱਚ ਅੱਗੇ ਲੈ ਕੇ ਜਾਣਾ ਹੈ। ਇਹ ਕਾਰਜ ਸਾਡਾ ਸਕੂਲ ਕਰੇਗਾ।

ਜਦੋਂ ਦੀ ਸਾਡੀ ਅਕੈਡਮੀ ਦੀ ਖਬਰ ਲੋਕਾਂ ਨੂੰ ਪਤਾ ਲੱਗੀ ਹੈ, ਲੁਧਿਆਣੇ ਵਿੱਚ ਹੀ ਸਾਡੀ ਰੀਸੇ ਕਈ ਅਕੈਡਮੀਆਂ ਹੋਂਦ ਵਿੱਚ ਆ ਗਈਆਂ ਹਨ ਪਰ ਸਾਡੀ ਅਕੈਡਮੀ ਦੀ ਆਪਣੀ ਵਿਸ਼ੇਸ਼ ਮਹੱਤਤਾ ਹੋਵੇਗੀ। 7. 20 ਹੁਣ ਸ. ਜਗਤ ਸਿੰਘ, ਸਕੱਤਰ ਗੁਰੂ ਨਾਨਕ ਪਬਲਿਕ ਸਕੂਲ ਲੁਧਿਆਣਾ ਵਾਲੇ ਬੋਲੇ ਤੱਤ ਸਾਰ ਇਸ ਤਰ੍ਹਾਂ ਹੈ- ਸਾਡੇ ਜਿੰਨੇ ਖਾਲਸਾ ਸਕੂਲ ਅਤੇ ਖਾਲਸਾ ਕਾਲਜ ਹਨ ਉਨ੍ਹਾਂ ਵਿੱਚੋਂ ਧਰਮ ਭਾਵਾਨਾ ਘਟਦੀ ਘਟਦੀ ਘਟ ਹੀ ਗਈ ਹੈ। ਜਿਹੜੀ ਸਿੱਖਿਆ ਛੋਟੇ ਹੁੰਦਿਆਂ ਦਿੱਤੀ ਜਾਂਦੀ ਹੈ ਉਹ ਸਾਰੀ ਉਮਰ ਨਾਲ ਨਿਭਦੀ ਹੈ। ਕਿਸੇ ਕੌਮ ਨੂੰ ਬਣਾਉਣ ਵਾਸਤੇ 25 ਸਾਲ ਦਾ ਸਮਾਂ ਦਰਕਾਰ ਹੁੰਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਅਕੈਡਮੀ ਦਾ ਇਹ ਸਕੂਲ ਸਤਿਗੁਰੂ ਜੀ ਦਾ ਤਕੜਾ ਉਪਰਾਲਾ ਹੈ ਜਿਸਦੇ ਸਿੱਟੇ 25 ਸਾਲ ਬਾਅਦ ਨਿਕਲਣਗੇ।

ਸ੍ਰੀ ਭੈਣੀ ਸਾਹਿਬ, ਸਤਿਗੁਰੂ ਰਾਮ ਸਿੰਘ ਜੀ ਦੀ ਪਾਵਨ ਨਗਰੀ ਵਿਖੇ ਇਸ ਸਕੂਲ ਦਾ ਖੁੱਲਣਾ ਬਹੁਤ ਹੀ ਭਾਗਸ਼ਾਲੀ ਹੈ। ਜਿਲ੍ਹਾ ਲੁਧਿਆਣਾ ਵਿੱਚ ਇਹ ਉੱਦਮ ਬਹੁਤ ਮਹੱਤਵਪੂਰਨ ਹੈ। ਅਸੀਂ ਸਕੂਲ ਦੇ ਹੈੱਡ ਮਾਸਟਰ ਜੀ ਤੋਂ ਇਹ ਉਮੀਦ ਰੱਖਾਂਗੇ ਕਿ ਇਸ ਵਿੱਚ ਸਿਫਾਰਸ਼ਬਾਜੀ ਨੂੰ ਪਰਵਾਨਗੀ ਨਹੀਂ ਦਿੱਤੀ ਜਾਵੇਗੀ।

7.25 ਇਹ ਸਮਾਂ ਸੀ ਅਕੈਡਮੀ ਦੇ ਸਕੱਤਰ ਸ. ਨਿਰਮਲ ਸਿੰਘ ਭੈਣੀ ਸਾਹਿਬ ਦੇ ਆਰਕੀਟੈਕਟ ਦਾ। ਇਹ ਬੋਲੇ- ਜਿੰਨ੍ਹਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦਰਸ਼ਨ ਕੀਤੇ ਹਨ ਉਹ ਜਾਣਦੇ ਹਨ ਕਿ ਸੰਗੀਤ ਦੇ ਖੇਤਰ ਅਤੇ ਪਸ਼ੂ- ਪਾਲਣ ਦੇ ਖੇਤਰ ਵਿੱਚ ਆਪ ਜੀ ਦਾ ਕੋਈ ਸਾਨੀ ਨਹੀਂ ਸੀ।

ਇਹਨਾਂ ਸਤਿਗੁਰਾਂ ਵਿੱਦਿਆ ਖੇਤਰ ਵਿੱਚ ਵਿਸ਼ੇਸ਼ ਧਿਆਨ ਦਿੱਤਾ ਹੈ- ਜਦੋਂ ਇਹ ਸਿਮ੍ਰਤੀ ਮੰਦਰ ਬਨਣ ਲੱਗਾ ਸੀ ਤਾਂ ਸਤਿਗੁਰੂ ਜੀ ਨੇ ਸੇਠ ਗੁਰਚੈਨ ਸਿੰਘ ਪ੍ਰਸਿੱਧ ਆਰਕੀਟੈਕਟ ਅਫਰੀਕਾ ਤੇ ਮੇਰੀ ਅਨਇੱਛਾ ਦੇ ਬਾਵਜੂਦ ਇਹਨਾਂ ਵਿੱਚ ਦੋ ਛੱਤਾਂ ਵਿੱਚ ਕਮਰੇ ਬਣਵਾਏ ਸਨ ਅੱਜ ਪਤਾ ਲੱਗਾ ਕਿ ਇਹ ਕਿਓਂ ਬਣਵਾਏ ਸਨ। ਅੱਜ ਇਹਨਾਂ ਵਿੱਚ ਸਕੂਲ ਚਾਲੂ ਹੋਵੇਗਾ। ਅਕੈਡਮੀ ਅਤੇ ਸਕੂਲ ਵਾਸਤੇ 25 ਏਕੜ ਜਮੀਨ ਏਥੇ ਭੈਣੀ ਸਾਹਿਬ ਹੀ ਵੱਖਰੀ ਰੱਖ ਦਿੱਤੀ ਗਈ ਹੈ। ਇੱਥੇ ਅਕੈਡਮੀ ਦਾ ਕੰਪਲੈਕਸ ਤਿਆਰ ਹੋਵੇਗਾ। ਸਤਿਗੁਰੂ ਜੀ ਕਿਰਪਾ ਕਰਨ ਇਹ ਸਕੂਲ ਕਾਲਜ ਬਣ ਜਾਵੇ ਛੇਤੀ ਕਦਮ ਅੱਗੇ ਵਧਣ। ਸਕੱਤਰ ਸਾਹਿਬ ਦੇ ਸੰਖੇਪ ਭਾਸ਼ਣ ਉਪਰੰਤ ਨਾਮਧਾਰੀ ਦਰਬਾਰ ਦੇ ਪ੍ਰਧਾਨ ਪੰਥ ਰਤਨ ਮਾਸਟਰ ਨਿਹਾਲ ਸਿੰਘ ਨੇ ਅਕੈਡਮੀ ਸਕੂਲ ਨੂੰ ਆਸ਼ੀਰਵਾਦ ਦਿੱਤੀ ਅਤੇ ਸੰਖੇਪਤਾ ਵਿੱਚ ਫੇਰ ਵਾਰੀ ਆਈ ਸ. ਹਰਵਿੰਦਰ ਸਿੰਘ ਹੰਸਪਾਲ ਦੀ। ਇੰਨੇ ਵਿੱਚ ਸਤਿਗੁਰੂ ਜੀ ਅਤੇ ਆਪ ਨਾਲ ਮੀਟਿੰਗ ਵਿੱਚ ਬੈਠੇ ਹੋਰ ਵਿਅਕਤੀ ਵੀ ਆ ਗਏ।

**7.45 ਤੇ ਹੰਸਪਾਲ ਜੀ ਦਾ ਸੰਖੇਪ ਭਾਸ਼ਣ-** ਸਾਡੀ ਤਾਲੀਮੀ ਪਛਾੜ ਨੂੰ ਮੁੱਖ ਰੱਖਦਿਆਂ ਸਤਿਗੁਰੂ ਜੀ ਨੇ 1981 ਵਿੱਚ ਦਿੱਲੀ ਵਿਖੇ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦੀ ਨੀਹ ਰੱਖੀ ਸੀ। ਅੱਜ ਦਾ ਯੁਗ ਪੜ੍ਹਾਈ ਦਾ ਯੁਗ ਹੈ। ਸਤਿਗੁਰੂ ਜੀ ਸਾਨੂੰ ਅਮਰੀਕਾ, ਕੈਨੇਡਾ, ਇੰਗਲੈਂਡ ਆਦਿ ਦੇਸ਼ਾਂ ਵਿੱਚ ਜਾਕੇ ਪੜ੍ਹਨ ਲਈ ਉਤਸ਼ਾਹਤ ਕਰਦੇ ਹਨ। ਅੱਜ ਸਾਡੇ ਸਕੂਲ ਦਾ ਇੱਥੇ ਸਤਿਗੁਰੂ ਜੀ ਉਦਘਾਟਨ ਕਰ ਰਹੇ ਹਨ। ਇਹ ਦੋਹਰੀਆਂ ਮੁਬਾਰਕਾਂ ਦਾ ਸਮਾਂ ਹੈ। ਵੈਸਾਖੀ ਦੇ ਪਾਵਨ ਪੂਰਬ ਅਤੇ ਸਕੂਲ ਉਦਘਾਟਨ ਦੀਆਂ ਮੁਬਾਰਕਾਂ। ਸਕੂਲ ਚਲਾਉਣਾ ਬਹੁਤ ਕਠਿਨ ਕਾਰਜ ਹੈ ਅਤੇ ਪ੍ਰਬੰਧਕਾਂ ਨੂੰ ਇਹ ਮੁਸ਼ਕਿਲਾਂ ਆਉਣਗੀਆਂ। ਸਤਿਗੁਰੂ ਜੀ ਨੇ ਸੰਗੀਤ ਵੱਲ ਧਿਆਨ ਦਿੱਤਾ ਹੈ। ਦੁਨੀਆ ਨੇ ਮੰਨ ਲਿਆ ਹੈ ਕਿ ਜਿਵੇਂ ਛੋਟਿਆਂ ਬੱਚਿਆਂ ਵੱਲ ਧਿਆਨ ਦੇ ਕੇ ਵੱਡੇ ਕਲਾਲਾਰ ਬਣਾ ਦਿੱਤੇ ਹਨ। ਯੂ. ਕੇ ਵਿੱਚ ਕਈ ਉੱਚ ਕੋਟੀ ਦੇ ਕਲਾਕਾਰ ਮਿਲੇ ਅਤੇ ਉਨ੍ਹਾਂ ਕਿਹਾ ਕਿ ਨਾ ਤਾਂ ਕੋਈ ਦੇਸ਼ ਵਿੱਚ ਤੁਹਾਡੇ ਸਤਿਗੁਰਾਂ ਜਿੰਨ੍ਹਾਂ ਸੰਗੀਤ ਸਿਆਣਾ ਹੈ ਅਤੇ ਨਾ ਹੀ ਇਹ ਗੱਲ ਘੱਟ ਮਾਣ ਵਾਲੀ ਹੈ ਕਿ ਉਨ੍ਹਾਂ ਦੇ ਸਿਖਾਏ ਜਾਂ ਸਿਖਵਾਏ ਬੱਚਿਆਂ ਦਾ ਵੀ ਕੋਈ ਸਾਨੀ ਹੈ। ਸਾਡੇ ਬੱਚਿਆਂ ਵਿੱਚ ਬਾਹਰੋਂ ਜੋ ਗੈਰ ਸਿੱਖੀ ਵਾਲੀਆਂ ਗੱਲਾਂ ਪੈਦਾ ਹੁੰਦੀਆਂ ਹਨ, ਉਹ ਬਾਹਰੋਂ ਪੜ੍ਹਨ ਕਰਕੇ ਹੀ ਹੈ। ਜੇ ਮੁੱਢ ਤੋਂ ਹੀ ਬੱਚੇ ਸਾਡੇ ਮਹੌਲ ਵਿੱਚ ਰਹਿਣ ਤਾਂ ਬਹੁਤ ਕੁਝ ਉੱਤਮ ਰਹੇਗਾ। ਹੁਣ ਜਦੋਂ ਅਸੀਂ ਸ਼ਹੀਦ ਬਿਸ਼ਨ ਦੇ ਬੱਚਿਆਂ ਵੱਲ ਦੇਖਦੇ ਹਾਂ ਤਾਂ ਦੂਜਿਆਂ ਦੇ ਟਾਕਰੇ ਪ੍ਰਤੱਖ ਫਰਕ ਲੱਭਦਾ ਹੈ। ਜੀਅ ਕਰਦਾ ਹੈ ਕਿ ਥਾਂ ਪਰ ਥਾਂ ਸਾਡੇ ਆਪਣੇ ਸਕੂਲ ਹੋਣ, ਕਾਲਜ ਹੋਣ ਅਤੇ ਆਪਣੀਆਂ ਹੀ ਯੂਨੀਵਰਸਿਟੀਆਂ ਹੋਣ। ਸਾਡੇ ਆਪਣੇ ਸੈਂਕੜੈ ਕਲਾਕਾਰ ਹੋਣ।

**ਚਲਦਾ...**

# ਅੱਖੀਂ ਡਿੱਠਾ ਕਿੱਸਾ ਕੀਤਾ

**(ਜਥੇਦਾਰ ਗੁਰਮੁਖ ਸਿੰਘ ਝੱਬਰ ਦੀਆਂ ਯਾਦਾਂ ਦੇ ਝਰੋਖੇ ਚੋਂ)**



**ਸੰਪਾਦਕ: ਸੁਵਰਨ ਸਿੰਘ ਵਿਰਕ**
**9996371716**

ਧੂੰਗਾ ਵਾਲੇ ਉਹ ਸਨ ਜਿਹਨਾਂ ਦਾ ਭਜਨ ਮਸਤਾਨੇ ਬਣਾ ਦਿੰਦਾ ਸੀ। ਜਦੋਂ ਕੇਸਰ ਸਿੰਘ ਹੋਰਾਂ ਨੂੰ ਸੰਤਾਂ ਨੇ ਭਜਨ ਦੇ ਦਿਤਾ ਤਾਂ ਫਿਰ ਇਹ ਵੀ ਸੰਤਾਂ ਦੇ ਸੰਗ ਹੀ ਰਲ ਗਏ। ਵਾਪਸ ਘਰ ਨਹੀਂ ਪਰਤੇ। ਇਹ ਮਸਤਾਂ ਦੀ ਬਿਰਤੀ ਐਸੀ ਹੀ ਸੀ ਕਿ ਘਰਾਂ ਵਾਲੇ ਉਡੀਕਦੇ ਰਹਿੰਦੇ ਸਨ ਕਦੋਂ ਮੁੜਨਗੇ ? ਪਰ ਇਹ ਤਾਂ ਵਾਰਿਸ ਸ਼ਾਹ ਦੇ ਆਖਣ ਮੁਤਾਬਿਕ:

"ਜਿਹਨਾਂ ਸੂਲੀਆਂ 'ਤੇ ਜਾ ਕੇ ਲਏ ਝੂਟੇ,
ਉਹ ਮਨਸੂਰ ਹੋਰੀਂ ਸਾਡੇ ਨਾਲ ਦੇ ਈ।
ਵਾਰਿਸ ਸ਼ਾਹ ਜੋ ਗਏ ਸੋ ਨਹੀਂ ਮੁੜਦੇ,
ਲੋਕ ਅਸਾਂ ਥੀਂ ਆਵਣਾ ਭਾਲਦੇ ਈ।"

ਸੰਤਾਂ ਦੇ ਹੁਕਮ ਅਨੁਸਾਰ ਨਿਤਨੇਮ ਵਿਚ ਰੁੱਝੇ ਰਹਿੰਦੇ। ਜਦੋਂ ਬਾਹਰ ਜਾ ਕੇ ਸੰਤ ਕੇਸਰ ਸਿੰਘ ਹੋਰੀਂ ਨਾਮ ਜਪਦੇ ਤਾਂ ਸਾਹਵੇਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਾਜ਼ਰ ਨਾਜ਼ਰ ਜੋਤ ਆ ਜਾਂਦੀ। ਮਹੰਤ ਹੋਰੀਂ ਇਸ ਗਲੋਂ ਬੜਾ ਅਚਰਜ ਮਨਾਉਂਦੇ ਕਿ ਭਜਨ ਸੰਤਾਂ ਧੂੰਗਾਂ ਵਾਲਿਆਂ ਤੋਂ ਪੁਛਿਆ ਹੈ, ਰਹਿੰਦੇ ਵੀ ਅੱਠੇ ਪਹਿਰ ਉਹਦੇ ਨਾਲ ਹਾਂ, ਪਰ ਇਹ ਮਾਲਕ ਕੋਈ ਹੋਰ ਆ ਖਲੋਂਦਾ ਏ। ਉਸਦਾ ਦਰਸ਼ਨ ਕਦੋਂ ਹੋਵੇਗਾ। ਸੰਤਾਂ ਧੂੰਗਾਂ ਵਾਲਿਆਂ ਦੇ ਨਾਲ ਇਹ ਵੀ ਦੀਵਾਲੀ ਤੇ ਦਰਸ਼ਨਾਂ ਨੂੰ ਗਏ। ਜਦੋਂ ਕੇਸਰ ਸਿੰਘ ਹੋਰਾਂ ਸਤਿਗੁਰਾਂ ਨੂੰ ਮੱਥਾ ਟੇਕਿਆ

ਸੁਧ ਕੀ ਨਾ ਸੁਧ ਰਹੀ
ਬੁਧ ਕੀ ਨ ਬੁਧ ਰਹੀ।
ਦਰਸਨੁ ਭੇਟਤ ਹੋਤ ਨਿਹਾਲ।"

ਮਹੰਤ ਹੋਰੀਂ ਵਿਸਮਾਦ ਵਿਚ ਆ ਗਏ। ਕਹਿੰਦੇ ਜਿਸ ਦਾ ਦਰਸ਼ਨ ਹੁੰਦਾ ਸੀ, ਉਹ ਇਹੋ ਹੈ। ਸੰਤ ਧੂੰਗਾਂ ਵਾਲੇ ਆਪਣੇ ਜਥੇ ਸਮੇਤ ਦੀਵਾਲੀ ਤੋਂ ਵਾਪਸ ਚੱਲ ਪਏ। ਕੇਸਰ ਸਿੰਘ ਹੋਰਾਂ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ ਕਿ ਤੂੰ ਸੰਤਾਂ ਨਾਲ ਨਹੀਂ ਜਾਣਾ। ਦੌਰੇ ਨਾਲ ਚੱਲਣਾ ਹੈ। ਮਹੰਤ ਜੀ ਨੂੰ ਪੂਰਨ ਨਿਸ਼ਚਾ ਹੋ ਚੁਕਿਆ ਸੀ ਕਿ ਇਹੋ ਪੂਰਨ ਗੁਰੂ ਹੈ ਜਿਸ ਮੇਰੇ ਭਰਮ ਜਾਲ ਕੱਟਣੇ ਹਨ। ਜਦੋਂ ਸੰਤਾਂ ਧੂੰਗਾਂ ਹੈ ਵਾਲਿਆਂ ਨੇ ਕੇਸਰ ਸਿੰਘ ਬਾਰੇ ਸਤਿਗੁਰੂ ਜੀ ਤੋਂ ਪੁਛਿਆ ਤਾਂ ਉਹਨਾਂ ਫੁਰਮਾਇਆ ਕਿ ਸਾਡੀ ਚੀਜ਼ ਸੀ, ਅਸਾਂ ਰੱਖ ਲਈ ਹੈ।

"ਜਿਸ ਕੀ ਵਸਤੁ ਤਿਸੁ ਆਗੈ ਰਾਖੈ
ਪ੍ਰਭ ਕੀ ਆਗਿਆ ਮਾਨੈ ਮਾਥੈ।"

ਇਹ ਬਚਨ ਮੈਂ ਮਹੰਤ ਹੋਰਾਂ ਦੀ ਰਸਨਾ ਤੋਂ ਆਪ ਸੁਣਿਆ ਸੀ। ਮਹੰਤ ਜੀ ਨੂੰ ਦੌਰੇ ਵਿਚ ਹੱਟੀ ਦਾ ਕੰਮ ਸੌਂਪ ਦਿਤਾ ਗਿਆ। ਲੋੜਵੰਦਾਂ ਨੂੰ ਚੀਜ਼ ਵਸਤ ਵਰਤਾਉਂਦੇ ਸਨ। ਭੈਣੀ ਸਾਹਿਬ ਵੀ ਇਹੋ ਵਿਹਾਰ ਕਰਦੇ ਅਤੇ ਮਾਤਾ ਜਿਊਣ ਕੌਰ ਜੀ ਦੀ ਸੇਵਾ ਵਿਚ ਰਹਿੰਦੇ ਸਨ। ਸਤਿਗੁਰੂ ਜੀ ਜੇ ਕਦੇ ਉਗਰਾਹੀ ਕਰਨ ਵਾਸਤੇ ਭੇਜ ਦਿੰਦੇ ਤਾਂ ਆਪ ਉਗਰਾਹੀ ਕਰਨ ਵਾਲਿਆਂ ਦੇ ਮਹੰਤ ਹੁੰਦੇ। ਇਸ ਤਰ੍ਹਾਂ ਮਹੰਤੀ ਦਾ ਖ਼ਿਤਾਬ ਆਪ ਨੂੰ ਮਿਲਿਆ ਸੀ। ਫਿਰ ਸਤਿਗੁਰੂ ਜੀ ਨੇ ਆਪ ਨੂੰ ਮਾਤਾ ਭੁਪਿੰਦਰ ਕੌਰ ਜੀ

ਦੀ ਸੇਵਾ ਵਿਚ ਲਾ ਦਿਤਾ। ਫਿਰ ਜਦੋਂ ਬਿਅੰਤ ਜੀ (ਸਤਿਗੁਰੂ ਜਗਜੀਤ ਸਿੰਘ ਜੀ) ਨੇ ਅਵਤਾਰ ਧਾਰਿਆ ਤਾਂ ਢਾਈ ਸਾਲਾਂ ਤੱਕ ਮਾਤਾ ਜੀ ਦੇ ਨਾਲ ਬਾਲ ਗੋਪਾਲ ਦੀ ਸੇਵਾ ਕਰਦੇ ਰਹੇ। ਇਹਨਾਂ ਲੋਭ, ਮੋਹ, ਕਰੋਧ, ਕਾਮ ਤੇ ਹੰਕਾਰ ਨੂੰ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਪਾਰ ਕ੍ਰਿਪਾ ਨਾਲ ਜਿੱਤ ਲਿਆ ਸੀ। ਵੰਡ ਛਕਦੇ, ਨਾਮ ਜਪਦੇ ਅਤੇ ਜਪਾਉਂਦੇ। ਮੈਨੂੰ ਸਦਾ ਉਹ ਭਰਾਵਾਂ ਵਾਂਗ ਜਾਣ ਕੇ ਨਿੱਕੇ ਭਰਾ ਜਿਹਾ ਲਾਡ ਮਲ੍ਹਾਰ ਮੇਰੇ ਨਾਲ ਵੀ ਕਰਦੇ ਸਨ। ਅਨੰਦਪੁਰ ਦੇ ਹੋਲੇ ਨੂੰ ਜਾਂਦਿਆਂ ਕੀਰਤਪੁਰ ਸਾਹਿਬ ਪੁੱਜ ਕੇ ਅਸਾਂ ਸੰਤਾਂ ਨੂੰ ਕਿਹਾ ਕਿ ਮਿੱਠਾ ਦਿਉ, ਜਲ ਛਕਣਾ ਹੈ। ਬਦਾਮ ਰਗੜ ਕੇ ਗੜਵੇ ਵਿਚ ਪਾਏ ਸਨ ਅਸਾਂ। ਸੰਤ ਖੰਡ ਘੋਲ ਕੇ ਮਿੱਠਾ ਪਾਣੀ ਸੰਗਤ ਨੂੰ ਛਕਾ ਰਹੇ ਸਨ। ਮੈਥੋਂ ਗੜਵਾ ਲੈ ਕੇ ਉਹ ਰਗੜੀ ਹੋਈ ਸਰਦਾਈ ਸਾਰੀ ਕੜਾਹੇ ਵਿਚ ਪਾ ਦਿਤੀ ਅਤੇ ਆਖਣ ਲੱਗੇ, "ਇਕੱਲੇ ਨਹੀਂ ਛਕੀਦਾ ਝੱਬਰਾ ! ਵੰਡ ਕੇ ਛਕੀਦਾ ਹੈ। " ਜਦੋਂ ਬਿਅੰਤ ਜੀ ਢਾਈ ਸਾਲਾਂ ਦੇ ਹੋਏ ਤਾਂ ਉਹਨਾਂ ਨੂੰ ਸਾਂਭਣ ਦੀ ਸੇਵਾ, ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਮਹੰਤ ਕੇਸਰ ਸਿੰਘ ਮਜਾਧ ਤੋਂ ਮੈਨੂੰ ਮਿਲ ਗਈ। ਮਹੰਤ ਜੀ ਦਾ ਬਾਪ ਅਤੇ ਭਰਾ ਦੋਵੇਂ ਚੜ੍ਹਾਈ ਕਰ ਗਏ। ਘਰ ਬਰਬਾਦ ਹੋਣੋਂ ਰੋਕਣ ਲਈ ਸਤਿਗੁਰੂ ਜੀ ਨੇ ਰਾਜੀਨਾਮੇ ਛੁੱਟੀ ਦੇ ਦਿੱਤੀ ਕਿ ਜਾਓ ਜਾ ਕੇ ਘਰ ਸੰਭਾਲੋ। ਆਪ ਆਪਣੇ ਪਿੰਡ ਦੇ ਲੰਬੜਦਾਰ ਸਨ। ਪਾਕਿਸਤਾਨ ਬਣਨ ਤੋਂ ਕੁਝ ਸਮਾਂ ਬਾਦ ਆਪ ਨੇ ਏਧਰ ਆ ਕੇ ਸਰੀਰ ਛੱਡਿਆ ਸੀ।

**ਕੁੱਤਿਆਂ ਤੇ ਕ੍ਰਿਪਾ ਕੀਤੀ:**

ਅੰਮ੍ਰਿਤਸਰ ਦੀ ਦੀਵਾਲੀ ਵੇਖ ਕੇ ਸਤਿਗੁਰੂ ਜੀ ਖਿਆਲਾ, ਚੁਗਾਵਾਂ, ਲੋਪੋਕੀ, ਚੇਲੇਕੀ ਅਤੇ ਕੱਕੜ ਆਦਿ ਨਗਰਾਂ ਥਾਣੀਂ ਹੁੰਦੇ ਹੋਏ ਲਾਹੌਰ ਪੁੱਜ ਗਏ।

ਲੋਪੋਕਿਆਂ ਤੋਂ ਦੋ ਕੁੱਤੇ ਵੀ ਦੌਰੇ ਦੇ ਨਾਲ ਰਲ ਗਏ। ਜਦੋਂ ਸਿੰਘ ਲਾਹੌਰੋਂ ਰੇਲ ਗੱਡੀ ਤੇ ਚੜ੍ਹੇ ਤਾਂ ਉਹ ਵੀ ਨਾਲ ਹੀ ਗੱਡੀ ਤੇ ਆ ਗਏ। ਬਾਹੜੀਆਂ ਵਾਲੇ ਦੇ ਸਟੇਸ਼ਨ ਤੇ ਸੰਗਤ ਉੱਤਰੀ ਤਾਂ ਉਹ ਵੀ ਨਾਲ ਹੀ ਉਤਰ ਆਏ। ਇਕ ਦਿਨ ਪੜਾਉ ਉਥੇ ਹੋਇਆ। ਅਗਲੇ ਦਿਨ ਬਾਰਬਟਨ ਪਿੰਡ ਵਿਚੋਂ ਦੀ ਲੰਘ ਕੇ ਨਨਕਾਣਾ ਸਾਹਿਬ ਵਿਖੇ ਕੱਤਕ ਪੁੰਨਿਆ ਦਾ ਮੇਲਾ ਕੀਤਾ। ਇੱਥੋਂ ਸਤਿਗੁਰੂ ਜੀ ਸਮੇਤ ਸੰਗਤ, ਮਾਨਾਂ ਵਾਲਾ, ਪੰਜ ਚੱਕ, ਚੂਹੜਕਾਣਾ, ਲੀਲਿਆਂ ਵਾਲੀ, ਨੌ ਚੱਕ ਝੱਬਰ, ਦੁਗੈਚ, ਰੱਤੇ ਚੋਏ, ਸਦੋਵਾਲ ਹੁੰਦੇ ਹੋਏ ਢੋਟੀਆਂ ਜ਼ਿਲ੍ਹਾ ਲਾਇਲਪੁਰ ਵਿਚ ਪੁਜ ਗਏ। ਨਨਕਾਣਾ ਸਾਹਿਬ ਉਹ ਦੋਵੇਂ ਕੁੱਤੇ ਰਹਿ ਗਏ ਸਨ। ਜਦੋਂ ਸਤਿਗੁਰੂ ਜੀ ਮਾਨਾਂਵਾਲੇ ਪੁੱਜੇ ਤਾਂ ਉਹਨਾਂ ਪੁੱਛਿਆ ਕਿ ਦੋਵੇਂ ਕੁੱਤੇ ਕਿੱਥੇ ਰਹਿ ਗਏ ਹਨ। ਇਕ ਸਿੰਘ ਨੇ ਕਿਹਾ, "ਜੀ ਉਹ ਨਨਕਾਣੇ ਸਾਹਿਬ ਰਹਿ ਗਏ ਹਨ।" ਉਸ ਸਿੰਘ ਨੂੰ ਕਿਰਾਇਆ ਦੇ ਕੇ ਦੀਨ ਦਿਆਲ ਜੀ ਨੇ ਹੁਕਮ ਕੀਤਾ ਕਿ ਉਹਨਾਂ ਕੁੱਤਿਆਂ ਨੂੰ ਲੱਭ ਕੇ ਨਨਕਾਣਾ ਸਾਹਿਬ ਤੋਂ ਜਿੱਥੋਂ ਦੇ ਉਹ ਸਨ, ਉੱਥੇ ਲੋਪੋਕੀ ਛੱਡ ਕੇ ਆਉ। ਵਿਚਾਰੇ ਬੇਸਹਾਰੇ ਜਾਨਵਰ ਘਰੋਂ ਬੇਘਰ ਹੋ ਕੇ ਰੁਲਦੇ ਨਾ ਰਹਿਣ। ਧੰਨ ਮੇਰਾ ਸਤਿਗੁਰੂ ਮਨੁੱਖਾਂ ਕੀ, ਪਸ਼ੂਆਂ 'ਤੇ ਵੀ ਆਪਣੀ ਮਿਹਰ ਦੀ ਨਜ਼ਰ ਰੱਖਣ ਵਾਲਾ। ਉਹ ਸਿੰਘ ਕੁੱਤਿਆਂ ਨੂੰ ਲੋਪੋਕੀ ਛੱਡ ਕੇ ਫਿਰ ਦੌਰੇ ਨਾਲ ਆ ਰਲਿਆ ਸੀ।

**ਛੋਟੀਆਂ ਪਿੰਡ ਦਾ ਕਰਣ**

ਸਤਿਗੁਰੂ ਜੀ ਦੌਰਾ ਲੈ ਕੇ ਮੰਜ਼ਲੋ ਮੰਜ਼ਲੀ ਇੱਥੇ ਪੁੱਜ ਗਏ ਸਨ ਇਸ ਨਗਰ ਦੀ ਸੰਗਤ ਸਦਾ ਹੀ ਉਡੀਕਦੀ ਰਹਿੰਦੀ ਸੀ ਕਿ ਸਤਿਗੁਰੂ ਜੀ ਕਦੋਂ ਦਰਸ਼ਨ ਦਿੰਦੇ ਹਨ। ਕੀ ਨਾਮਧਾਰੀ ਤੇ ਕੀ ਗ਼ੈਰ ਨਾਮਧਾਰੀ ਸਿੱਖ ਸਭ ਸਤਿਗੁਰੂ ਜੀ ਦੀ ਆਮਦ ਸੁਣ ਕੇ ਸਾਉਣ ਮਾਂਹ ਦੀਆਂ ਘਟਾਵਾਂ ਵਾਂਗੂੰ ਜੁੜਨ ਲੱਗ ਪੈਂਦੇ ਸਨ। ਇਸ ਪਿੰਡ 'ਤੇ ਸਤਿਗੁਰੂ ਜੀ ਦੀ ਵੀ ਪੂਰਨ ਕ੍ਰਿਪਾ ਸੀ। ਸਭ ਨਗਰ ਨਿਵਾਸੀ ਮਿਲ ਜੁਲ ਕੇ ਵਿੱਤੋਂ ਵੱਧ ਸੰਗਤ ਦੀ ਸੇਵਾ ਕਰਦੇ ਸਨ।

ਛੋਟੀਆਂ ਵਿਚ ਸਾਡਾ ਦੌਰਾ ਸੱਤ ਦਿਨ ਰਿਹਾ ਸੀ। ਬਾਬਾ ਸਾਧੂ ਸਿੰਘ (ਮਹੰਤ ਸਤਲਾਣੀ ਸਾਹਿਬ) ਦਾ ਵੀ ਗੱਡਿਆਂ ਘੋੜਿਆਂ ਸਮੇਤ ਉਤਾਰਾ ਇਸ ਸਮੇਂ ਇਸੇ ਪਿੰਡ ਵਿਚ ਸੀ। ਉਦਾਸੀ ਸਾਧੂਆਂ ਦਾ ਇਕ ਦਲ ਵੀ, ਇਕ ਹਾਥੀ, ਪੰਜ ਸੱਤ ਘੋੜੇ ਅਤੇ ਪੰਜਾਹ ਸੱਠ ਸਾਧਾਂ ਸਮੇਤ ਇਥੇ ਤਸ਼ਰੀਫ ਲਿਆ ਚੁੱਕਾ ਸੀ। ਸੂਬਾ ਤੇ ਸ਼ਾਮ ਦੇ ਦੀਵਾਨਾਂ ਵਿਚ ਬੜਾ ਠਾਠ ਬਣਦਾ। ਸਤਿਗੁਰੂ ਜੀ ਸੰਗਤ ਵਿਚ, ਦੇਵਤਿਆਂ ਵਿਚ ਵਿਸ਼ਨੂੰ ਭਗਵਾਨ ਦੀ ਨਿਆਈਂ, ਸੁਸ਼ੋਭਿਤ ਹੁੰਦੇ ਸਨ। ਮਹੰਤ ਸਾਧੂ ਸਿੰਘ ਅਤੇ ਨਾਲ ਦੇ ਸਿੰਘ ਅਤੇ ਸਭ ਉਦਾਸੀ ਸਾਧੂ ਵੀ ਸਤਿਗੁਰੂ ਜੀ ਨੂੰ ਨਮਸਕਾਰ ਕਰਕੇ ਦੀਵਾਨ ਵਿਚ ਸਜ ਜਾਂਦੇ। ਇਹ ਪਿੰਡ ਦੋ ਪਿੰਡਾਂ ਦੇ ਸਿੰਘਾਂ ਦਾ ਸੀ, ਅੰਮ੍ਰਿਤਸਰ ਜ਼ਿਲ੍ਹੇ ਵਿਚੋਂ ਅੱਧੇ ਛੋਟੀਆਂ ਦੇ ਗਿੱਲ ਜੱਟ ਸਨ ਅਤੇ ਅੱਧੇ ਖਿਆਲੇ ਦੇ ਭੰਗੂ ਸਰਦਾਰ ਇਸ ਪਿੰਡ ਤੇ ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਇਹ ਸੀ ਕਿ ਇਥੇ ਬਾਰਾਂ ਜੁਆਨ ਸਨ ਰੱਸਾ ਖਿੱਚਣ ਵਾਲੇ। ਜਿਹਨਾਂ ਸਾਰੀ ਉਮਰ ਮਾਸ ਸ਼ਰਾਬ ਨਹੀਂ ਛਕਿਆ ਸੀ ਅਤੇ ਸਵੇਰੇ ਉਠ ਕੇ ਨਾਮ, ਇਸ਼ਨਾਨ, ਭਜਨ ਬਾਣੀ ਦੇ ਸਭ ਪਾਬੰਦ ਸਨ। ਭਾਵੇਂ ਕੋਈ ਕਛਹਿਰਾ

ਰੱਖਦਾ ਸੀ ਤੇ ਭਾਵੇਂ ਚਾਦਰ ਬੰਨ੍ਹਦਾ ਸੀ। ਸਨ ਸਾਰੇ ਹੀ ਗੁਰੂ ਰਾਮ ਸਿੰਘ ਜੀ ਦੇ ਇੱਟ ਵਰਗੇ ਪੱਕੇ ਕੂਕੇ ਸਿੱਖ ਜਿਸ ਵੇਲੇ ਇਹਨਾਂ ਰੱਸਾ ਖਿੱਚਣਾ ਹੁੰਦਾ ਤਾਂ ਆਪਣੇ ਪਿੰਡ ਦੇ ਗੁਰਦੁਆਰੇ ਵਿਚ ਹੀ ਡੇਰਾ ਲਾ ਲੈਂਦੇ ਸਨ। ਇੱਥੇ ਹੀ ਪ੍ਰਸ਼ਾਦ ਪਾਣੀ ਛਕਣਾ। ਘਰ ਨਹੀਂ ਜਾਣਾ ਓਨੇ ਦਿਨ। ਇੱਥੇ ਹੀ ਰੋਜ਼ ਅਭਿਆਸ ਕਰਨਾ। ਪੂਰੇ ਅਭਿਆਸ ਤੋਂ ਬਾਅਦ ਰੱਸਾ ਖਿੱਚਦੇ ਸਨ। ਰੱਸਾ ਖਿੱਚਣ ਵਿਚ ਸਾਰੀ ਦੁਨੀਆਂ ਵਿਚੋਂ ਪਹਿਲੇ ਨੰਬਰ ਤੇ ਆਏ ਸਨ। ਵਿਸ਼ਵ ਵਿਜੇਤਾ ਸਨ। ਇਕ ਜਥਾ ਤਾਂ ਇਹ ਸੀ ਰੱਸਾ ਖਿੱਚਣ ਵਾਲੇ ਸਿੰਘਾਂ ਦਾ ਜਿਹਨਾਂ ਦੇ ਨਾਮ ਇਹ ਸਨ:

1. ਲਾਲ ਸਿੰਘ, ਰੱਸਾ ਟੀਮ ਦਾ ਕਪਤਾਨ
2. ਪਾਲ ਸਿੰਘ ਇਸ ਦਾ ਭਰਾ
3. ਨਰਾਇਣ ਸਿੰਘ ਮਧਰ
4. ਨਰਾਇਣ ਸਿੰਘ ਲੰਮੂ
5. ਸਾਧੂ ਸਿੰਘ
6. ਭੋਲਾ ਸਿੰਘ
7. ਊਧਮ ਸਿੰਘ
8. ਫੌਜਾ ਸਿੰਘ 9. ਬਿਸ਼ਨ ਸਿੰਘ
10. ਵਧਾਵਾ ਸਿੰਘ
11. ਮੱਲ ਸਿੰਘ
12. ਗੁਰਦਿਤ ਸਿੰਘ

ਦੂਜਾ ਜਥਾ ਜਿਹੜੇ ਕਾਰ ਵਿਹਾਰ ਅਤੇ ਸੇਵਾ ਆਦਿ ਇਹਨਾਂ ਦੀ ਅਤੇ ਹੋਰ ਸੰਗਤ ਦੀ ਕਰਦੇ ਸਨ, ਖਿਆਲੇ ਵਾਲੇ ਪਾਸਿਉਂ ਇਹ ਸਨ:

1 . ਮੰਗਲ ਸਿੰਘ ਜੀ
2. ਸੰਤ ਗੰਡਾ ਸਿੰਘ ਜੀ
3. ਸੰਤ ਦੇਵਾ ਸਿੰਘ ਤੇ ਉਸਦੇ ਛੋਟੇ ਭਰਾ
4. ਪਾਲ ਸਿੰਘ ਦਾ ਸੁਖਈ ਜਥਾ

ਢੋਟੀਆਂ ਵਾਲੇ ਪਾਸੇ ਤੋਂ ਇਸ ਜਥੇ ਵਿਚ ਸਨ: 5. ਤਾਰਾ ਸਿੰਘ 'ਬੱਗੀ ਮੁੱਛ' ਸੋਧੀ
6. ਤਾਰਾ ਸਿੰਘ ਦੂਜਾ ਇਹ ਵੀ ਸੋਧੀ ਸਿੰਘ ਸੀ 7. ਲਾਭ ਸਿੰਘ ਤੇ ਦੋ ਇਸਦੇ ਛੋਟੇ ਭਾਈ 8. ਪ੍ਰਤਾਪ ਸਿੰਘ
9. ਅਰਜਨ ਸਿੰਘ
10. ਮਹੰਤ ਜੀ
11. ਆਸਾ ਸਿੰਘ
12. ਪਾਲਾ ਸਿੰਘ
13. ਇਕ ਹੋਰ ਸਿੱਖ ਜਿਸ ਦਾ ਨਾਮ ਕਬੀਰ ਸੀ ਇਸਨੇ ਵੀ ਸਿੱਖਾਂ ਦੀ ਬੜੀ ਸੇਵਾ ਕੀਤੀ ਸੀ। ਜਿਸ ਤਰ੍ਹਾਂ ਭਗਵਾਲ ਕ੍ਰਿਸ਼ਨ ਜੀ ਦੇ ਵੇਲੇ ਮੋਰਪੂਜ ਰਾਜਾ ਆਪ ਦਾ ਪੂਰਨ ਆਸ਼ਕ ਸੀ ਅਤੇ ਉਸਦੀ ਨਗਰੀ ਵੀ ਸਾਰੀ ਭਗਵਾਨ ਦੇ ਪ੍ਰੇਮ ਸੂਤਰ ਵਿਚ ਬੱਝੀ ਸੀ, ਇਸ ਤਰ੍ਹਾਂ ਇਹ ਪਿੰਡ ਢੋਟੀਆਂ ਸਾਰਾ ਵੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਭਗਤ ਸੀ।

ਇਸ ਪਿੰਡ ਸਤਿਗੁਰੂ ਜੀ ਦੇ ਦੌਰੇ ਸਮੇਂ ਨਿੱਤ ਕਰਮ ਇਸ ਪ੍ਰਕਾਰ ਹੁੰਦਾ ਸੀ ਕਿ ਸਵੇਰੇ ਉਠ ਕੇ ਆਸਾ ਦੀ ਵਾਰ ਲੱਗ ਜਾਣੀ। ਫਿਰ ਜਲ ਪਾਣੀ ਤੋਂ ਬਾਦ ਸਿੰਘਾਂ ਦਾ ਰੱਸਾ ਕਸ਼ੀ ਅਤੇ ਛਾਲਾਂ ਵੱਜਦੀਆਂ ਵੇਖਣੀਆਂ। ਬਾਬੇ ਲਾਲ ਸਿੰਘ ਹੋਰਾਂ ਜੋ ਰੱਸੇ ਵਾਲਿਆਂ ਦੇ ਆਗੂ ਸਨ, ਸੱਤਰ ਵਰ੍ਹਿਆਂ ਦੀ ਉਮਰ ਵਿਚ ਬਾਰਾਂ ਹੱਥ ਛਾਲ ਮਾਰੀ। ਫਿਰ ਸਤਿਗੁਰੂ ਜੀ ਨੇ ਸੰਗਤ ਨਾਲ ਬਾਹਰ ਚਲੇ ਜਾਣਾ ਖੁੱਲ੍ਹੇ ਖੇਤਾਂ ਵਿਚ ਅਤੇ ਕਿਸੇ ਖੂਹ ਤੇ ਬੈਠ ਕੇ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਬਲਾਸ ਕਰਨੇ। ਪਿਛਲੇ ਪਹਿਰ ਢਾਡੀ ਸਿੰਘਾਂ ਤੋਂ ਜੋਧਿਆਂ ਦੀਆਂ ਵਾਰਾਂ ਸੁਣਨੀਆਂ ਅਤੇ ਪਿਛਲੇ ਪਹਿਰ ਦੇ ਕੀਰਤਨ ਦੀ ਚੌਕੀ ਭਰਨ ਬਾਦ, ਅੱਠ ਪਹਿਰੀਂ ਲੰਗਰ ਸਤਿਗੁਰੂ ਜੀ ਨੇ ਛਕਣਾ ਸ਼ਾਮ ਨੂੰ, ਸਾਰੀ ਸੰਗਤ ਦੇ ਨਾਲ ਬੈਠ ਕੇ। ਫਿਰ ਰਾਤ ਦਾ ਦੀਵਾਨ ਲੱਗ ਜਾਂਦਾ। ਰਾਤ ਦਸ ਕੁ ਵਜੇ ਸਮਾਪਤੀ ਕੀਰਤਨ ਸੋਹਿਲੇ ਦੀ ਅਰਦਾਸ ਨਾਲ ਹੋ ਜਾਣੀ।

**ਚਲਦਾ.....**

# KUDRAT (NATURE) IN GURU NANAK'S HOLISTIC VISION



**Dr. D. P. Singh**

Guru Nanak holds a prominent position among the pioneers of Period of Renaissance (14th to 17th centuries) and occupies a unique place amongst the spiritual leaders, preceptors, reformers and saints of India. His teachings have universal appeal and are good for all ages. The impact of his teachings on the Indian society has been incredible. He travelled far and wide to dispense his message of love, peace, devotion to God, social justice, religious toleration and universal brotherhood.

He was a great thinker, a wonderful mystic and a distinguished social reformer. He was a revolutionary prophet, a litterateur of high caliber and a person of extraordinary foresight. In addition to all this Guru Nanak was a man with a great love and reverence for Nature. Guru Nanak's teachings and several incidents of his life confirm this fact. In this article, the concept of Kudrat (Nature) as enunciated by Guru Nanak in his hymns is described.

Kudrat (Nature) refers to the phenomena of the physical world, and also to life in general. It ranges in scale from the subatomic to the cosmic. The word nature is derived from the Latin word natura, or essential qualities, innate disposition. Nature was a Latin translation of the Greek word physis, which originally related to the intrinsic characteristics that plants, animals, and other features of the world that develop of their own accord.

Nature! It is all around us, we see it every day, but hardly observe it. We hear it, but never listen to its sweet call. Nature is an integral part of our lives. The sunset and sunrise, the song of birds, their evening gatherings, the breeze that sways trees and the winds that blow your mind away its all nature and beauty divine. In his compositions Asa Ki Var, Baraah Maahan Tukhari and Maru Solahe as enshrined in Sri Guru Granth Sahib, Guru Nanak's holistic approach to the phenomena of nature comes out very clearly. It is emphasized in Guru Nanak's bani that nature is serene, beautiful, lovely, unique and a gift to every one of us. Nature is to be enjoyed, cherished and revered. Guru Nanak professed that all of us should have a harmonious relation with nature.

**NATURE**

For a scientist, the word Nature stands for the baffling mysteries of the Universe. The universe consists of this planet earth with its

land, underlying lava, minerals, rivers, mountains, seas, atmosphere, vegetation, life, other planets, millions of stars and solar systems, meteors and galaxies, novas, super-novas, nebulas, black holes, white dwarfs, quasars, pulsars, dark matter and dark energy etc. Thus Nature is the entire composite material universe and its phenomenon the world. It is the sum total of all the things in perpetual motion in space and time.

From the point of view of religion, Nature is the wonderful conglomeration and ever-present consciousness. It is controller of five distinct but subtle elements; Space (Aether or Akasha), Air, Fire, Water and Earth. It gives birth to chain of beings, or Four Kingdoms, namely the mineral, the plant, the animals and the human beings.

Guru Nanak has delineated in great detail about Nature in his hymns. In his hymns the word Kudrat has often been used to depict Creation or Nature. In Guru Nanak's Bani, the word Kudrat is also synonym with Prakirti or Maya.

To perceive with the eyes, to perceive with the ear, to be in fear or to be happy is all part of Nature. Nature is the nether worlds, and the Akaashic ethers. Nature is the manifestation of all forms. Nature is the Vedas, Puraanas and the Semitic Scriptures. Nature is all the deliberations. Eating, drinking and dressing is all Natural; And Nature is love within us. Nature is all kinds, colours and species; Nature is the living beings and the world. Nature is virtues and vices. Nature is honor and dishonor. Nature is wind, water and fire; Nature is earth and dust.

Thus, Guru Nanak has used the word Nature to describe the phenomena of the physical world collectively, including plants, animals, the landscape, and other features and products of the earth.

**PRIMAL CAUSE**

Guru Nanak proclaims that the Creator had created the Nature from the Primal Void. Even the Primal Void had been created by Him:Exercising His Creative Power He creates Nature, and gazes upon it; from the Primal Void,He formed the Void.He created Himself; and Himself assumed His Name. Secondly, He created Nature; seated within it, He beholds it with delight.

**TIME OF CREATION**

In 1930, a Belgium astronomer Georges Lemaitre expounded the big bang theory, which describes the way in which the universe began. He suggested that about 13,800 million years ago, a super dense cosmic egg exploded and its many fragments gave birth to planets, stars and galaxies.

Another popular belief ñ The Steady State Theory ñ was advanced in 1948 by British cosmologists Harmann Bondi, Thomas Gold and Fred Hoyle. They suggested that the universe was eternal and that it has always existed. In 1965, an American astronomer Professor Allan Sandage developed the Pulsating Universe Theory. He suggested that the universe is created, destroyed and then re-created in 86,000-million-year cycles. At the moment, he said, the universe is only 13,800 million years along the expansion stage. So, the scientists are unable to account for the creation of the universe with exactness, till

date.

Among the ancient Greek and Roman philosophers there were different opinions and traditions pertaining to the date of the creation. Some philosophers believed the Universe was eternal, and actually had no date of creation. Apollonius, an Egyptian pagan priest in the 2nd century AD, calculated the cosmos to be 153,075 years old as reported by Theophilus of Antioch.Numerous efforts have been made to determine the biblical date of creation, yielding varying results. Besides differences in interpretation, the use of different versions of the Bible had also affected the result. Two dominant dates for creation using such models exist, about 5500 BC and about 4000 BC. These were calculated from the genealogies in two versions of the Bible, with most of the difference arising from the two versions of Genesis. The ancient Chinese historian Xu Zheng dated the creation of the world about 39,000†BC.

The Hindu religion is dedicated to the idea that the Cosmos itself undergoes an infinite, number of death and rebirth cycles. These cycles run from our ordinary day and night to a day and night of Brahma, 8.64 billion years long, longer than the age of the Earth or the Sun and about half the time since the Big Bang. So, in different countries and different schools of thought, the time of creation has been reported differently.

Guru Nanak has remarked, in his hymns, that it is not possible to pinpoint the time of creation. He holds that only the Creator (the Ultimate Reality) knows the time of origin of the creation. In Jap(u), he has elaborated on the issue, as;

What was the time, and what was the moment? What was the day, and what was the date? What was the season, and what was the month, when the Universe took its shape? Had Pandits (Hindu religious scholars) known the time, it would have been written in Puraanas. Had Qazis known the time, it would have been written in Quran. No Yogi knows the time, the weekday, the month or the season of the creation. The Creator who created it, only He knows about it.

**VASTNESS**

There have been numerous speculations about the extent of the universe. The Greek philosophers Aristarchus of Samos, Aristotle and Ptolemy proposed different cosmological theories. In particular, the geocentric Ptolemaic system was the accepted theory to explain the motion of the heavens until Nicolaus Copernicus, and subsequently Johannes Kepler and Galileo Galilei proposed a heliocentric system in the 16th century.

According to the Talmud (the central text of Rabbinic Judaism), the universe is made of seven heavens (Shamayim) viz. Vilon (Araphel), Raqiía, Shehaqim, Maíon, Makhon, Zebul, and Araboth.The Jewish Merkavah and Heichalot literature was devoted to discussing the details of these heavens, The Qurían (the central religious text of Islam) frequently mentions the existence of seven (Samaawat), or heavens. Christian mythologydescribes existence of heaven and seven nether worlds viz. Hades, Hell, Sheol, Gehenna, T·rtaros, Limbo and Purgatory. Hinduism also has the

concept of seven heavens (Svarga). According to the Puranas and the Atharva veda there are fourteen worlds. There are the seven higher ones (the heavens), viz. bhu, bhuvar, svar, mahar, janas, tapas, and satya. There are seven lower ones (the underworlds) called the Naraka or Patalas viz. atala, vitala, sutala, rasatala, talatala, mahaatala, and patala. In the Hindu tradition there is also a description of three lokas (triloka): Bhur (Earth), Bhuvah (the Atmosphere), and Swar (the world of the gods) as well. Similarly, early Buddhist texts have counterparts to the three worlds as k,maloka (the world of Hell and desire), the r̊paloka (the world of the gods and of form relieved of desire), and the ar̊paloka (the world of perfect formlessness).

Guru Nanak's views about the vastness of universe were entirely different from the prevalent ideas of his time, as is obvious from his following hymns:

There are numerous nether worlds, and hundreds, thousands of heavenly worlds above. The Vedas (religious scriptures of Hindus) say you can keep on searching, until you get tired, (but you cannot know the count). The Semitic scriptures say that there are 18,000 worlds, but in reality, there is only One Truth. If a count is feasible, then one can try to write it, but in reality, it is countless.

Describing the vastness of Creation, Guru Nanak proclaims an immeasurable expanse in the sense of Neti, Neti:

The limits of the creation cannot be perceived. The limits of its near (micro) and far (macro) extremes cannot be perceived. Many struggle to know these limits, but these cannot be determined. None is able to know these limits. The more you say about these, the more still remains to be said.

As it is a well-known fact that the scientific investigations have yet not revealed any limits to the vastness of the creation. Till date, the scientists have been able to probe only a fraction of the universe. Yet to travel to the far frontiers of this observed fraction of the universe, even at the speedof light (i.e. 300,000 kilometer per second), would take about 20, 000 times the period that human life is estimated to have existed on earth. Expounding on the realm of truth (Sach Khand), Guru Nanak proclaims the existence of countless universes:

There are planets, solar systems and universes. If one has to describe these, then one can only say it that these are unlimited. There are countless worlds in the Creation. As is ordained, so these exist.

Thus Guru Nanak, in his hymns, dilates on the diversity and innumerability of the treasures of Nature.

DIVERSITY OF LIFE

Discussing the realm of piety (Dharam Khand), Guru Nanak in Jap(u) bani describes the diversity of things and life forms on our earth. He emphasizes that the earth is a place to do righteous actions (Dharma):

Nights, days, weeks and seasons; wind, water, fire and the nether regions - in the midst of these, the earth is established as a home for Dharma. Upon it, are placed the various species of beings. These are countless and have numerous names.

Describing the realm of knowledge

(Gian Khand), Guru Nanakelaborates the innumerous nature of elements of life, life forms, planets, stars and solar systems.

There are numerous winds, waters and fires; so many Krishnas and Shivas. Numerous Brahmas, fashioning forms of great beauty, adorned and dressed in many colors. Numerous worlds and lands for working out karma. Countless lessons to be learned! Numerous Indras, countless moons and suns, so many galaxies and worlds. Numerous Siddhas and Buddhas, so many Yogic masters. Numerous goddesses of various kinds. Countless demi-gods and demons, so many silent sages. Numerous oceans of jewels. Countless ways of life, so many languages. Numerous dynasties of rulers. Countless intuitive people, so many selfless servants. O Nanak, it is all limitless!

Scientists have reported the existence of countless species of diverse forms and colours in our universe. According to a recent estimate, about 8.7± 1.3 million species of flora and fauna may exist on our earth itself. Till date, scientists have been able to identify and classify only about 1.4 million of such species. Guru Nanak vouches such an estimate in his hymns as:8.4 million species of beings were created.

In the Sikh Scripture, there is mention of Nav-Khand, Triloki and Chaudah Bhavan as well. But these are only illustrative terms and not those of belief.

WORKING OF NATURE

In the vast realm of Nature, law and order, method and system, regularity and consistency are found to prevail. Natural phenomena follow definite laws, which are same everywhere, at all time and for everyone. Natural laws have existed since the origin of the universe and are inexorable. In no country these can be disobeyed without penalty. Nor do these ever warn the transgressor; punishment is as silent as the command. Like the numerous phenomenon of Nature, the natural laws are innumerable. Scientists opine that no matter how much man enlarges his powers, he cannot acquire absolute control over nature.

Guru Nanak expounds that the Creator (The Ultimate reality) is pure consciousness. He acts as a conscious power. Nature and all its phenomena follow the Universal Law (Command or Hukam) constituted by Him.Everyone is subject to His Command; no one is beyond HisCommand.

All elements of Nature, planets and stars of the cosmos and all creatures of the universe act within the bounds of eternal laws. All cosmic forces obey His universal commands (Hukam and Bhai).

In the Fear of God, the wind and breezes blow forever. In the Fear of God, thousands of rivers flow. In the Fear of God, fire is forced to labor. In the Fear of God, the earth is crushed under its burden. In the Fear of God, the clouds move across the sky. In the Fear of God, the Righteous Judge of Dharma stands at His Door. In the Fear of God, the sun shines, and in the Fear of God, the moon reflects. They travel millions of miles, endlessly. In the Fear of God, the Siddhas exist, as do the Buddhas, the demi-gods and Yogis. In the Fear of God, the Akaashic ethers are

stretched across the sky. In the Fear of God, the warriors and the most powerful heroes exist. In the Fear of God, multitudes come and go. God has inscribed the Inscription of His Fear upon the heads of all. O Nanak, the Fearless, the Formless and the True Lord, is One and Only.

Guru Nanak expresses his inability to describe the universal laws in totality, though he proclaims that this is the basic cause of creation:

By His Command, bodies are created; His Command cannot be described.

Scientists explain that all the natural phenomena are manifestation of energy, according to eternal but universal natural laws. Guru Nanak enunciates that all this occurs as per the eternal and universal command of the creator.

The Commander, by His Command, leads us to walk on the Path.

O Nanak, He blossoms forth, Carefree and Untroubled.

WONDERS OF NATURE

Sometime, be awake on warm and clear night and gaze at the star- lit heavens in a passive and imaginative mood. Let the glory of infinity sink deep into your soul. Just gaze and gaze, and do nothing more, until you cry out in rapture, with Shelly:

Spirit of Nature, here;
In this interminable wilderness,
of Worlds, at whose immensity,
Even soaring fancy staggers,
Here is thy fitting temple;
Spirit of Nature, Thou;
Imperishable as this scene,
Here is thy fitting temple.

Wonder is defined as a feeling of surprise mingled with admiration, caused by something beautiful, unexpected, unfamiliar, or inexplicable. Wonder is a rapt attention or astonishment at something awesomely mysterious or new to one's experience. It is an emotion that leaves one astonished with a sense of questioning. The sense of wonder is common to mankind and does not distinguish between the sage and the scientist.

A scientist is a man enchanted by the mysterious universe which possesses a powerful motivating force. Albert Einstein, a noted scientist, has emphasized that the most beautiful and most profound experience that man can have is the sense of the mysterious. This constitutes the foundation of religion and all other profound striving in art and science. He who has not experienced it seems to me ñ if not dead- at least blind. It must be stressed that the motivation does not so much arise from trying to solve the mystery as simply from the act of apprehending it.

Talking about the religious spirit of science, Albert Einstein tells us of Cosmic Religious Feeling, which knows no dogma and no God conceived in man's image. He says that for a scientist religious feeling takes the form of a rapturous amazement at the harmony of natural laws which reveals an intelligence of such superiority that, compared with it, all the systematic thinking and acting of human beings is an utterly insignificant reflection.

**to be Continue......**

# ਖ਼ਬਰਨਾਮਾ

## ਗਿਆਰਾਂ ਹਜ਼ਾਰ ਸਹਿਜ ਪਾਠਾਂ ਦੇ ਭੋਗ ਸ੍ਰੀ ਭੈਣੀ ਸਾਹਿਬ

**ਜਦੋਂ ਸਾਰਾ ਪੰਥ ਖਿੰਡ ਪੁੰਡ ਗਿਆ ਤਾਂ ਨਾਮਧਾਰੀ ਪੰਥ ਨੇ ਬਾਗ ਡੋਰ ਸੰਭਾਲੀ, ਸਿੱਖੀ ਦਾ ਪ੍ਰਚਾਰ ਬਾਬਾ ਜੀ ਨੇ ਪਿੰਡ-ਪਿੰਡ ਜਾ ਕੇ ਕੀਤਾ। –ਗਿਆਨੀ ਸ਼ੇਰ ਸਿੰਘ**

**ਨਾਮਧਾਰੀ ਪੰਥ ਔਖੇ ਸਮੇਂ ਵੀ ਗੁਰਬਾਣੀ ਨਾਲ ਜੁੜਿਆ ਰਿਹਾ। –ਗਿਆਨੀ ਜਸਵੀਰ ਸਿੰਘ ਕੁਹਾਲੀ**

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ 11 ਹਜ਼ਾਰ ਸਹਿਜ ਪਾਠਾਂ ਦਾ ਭੋਗ ਸ੍ਰੀ ਭੈਣੀ ਸਾਹਿਬ ਵਿਖੇ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਪਾਇਆ ਗਿਆ। ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਾਮਧਾਰੀ ਪੰਥ ਨੂੰ ਗੁਰਬਾਣੀ ਨਾਲ ਜੋੜਨ ਲਈ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਵਿਸ਼ਵ ਸ਼ਾਂਤੀ ਅਤੇ ਸਰਬੱਤ ਦੇ ਭਲੇ ਲਈ ਸਵਾ ਲੱਖ ਸਹਿਜ ਪਾਠਾਂ ਦਾ ਆਰੰਭ ਕੀਤਾ। ਇੰਨ੍ਹਾਂ ਪਾਠਾਂ ਨੂੰ ਕਰਨ ਲਈ ਸਮੁੱਚਾ ਨਾਮਧਾਰੀ ਸਮਾਜ ਸਦੀਵੀ ਤੌਰ ਤੇ ਗੁਰਬਾਣੀ ਨਾਲ ਜੁੜ ਗਿਆ। ਸਤਿਗੁਰੂ ਪਰਤਾਪ ਸਿੰਘ ਜੀ ਦੇ ਸਮੇਂ ਦੋ ਲੜੀਆਂ ਸਵਾ ਲੱਖ ਪਾਠਾਂ ਦੀਆਂ ਸੰਪੂਰਨ ਹੋ ਗਈਆਂ। ਤੀਜੀ ਲੜੀ ਜਿਸ ਦੀ ਆਰੰਭਤਾ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਪਰ ਭੋਗ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਪਿਆ। ਇਸ ਪਰੰਪਰਾ ਨੂੰ ਅੱਗੇ ਤੋਰਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਆਰੰਭ ਹੋਈਆਂ ਸਵਾ ਲੱਖ ਸਹਿਜ ਪਾਠਾਂ ਦੀਆਂ ਲੜੀਆਂ ਦੇ ਭੋਗ ਪਾਏ ਗਏ ਤੇ ਤੀਜੀ ਲੜੀ ਦੀ ਸੰਪੂਰਨਤਾ ਹਜ਼ੂਰ ਸਤਿਗੁਰੂ ਜੀ ਦੇ ਵੇਲੇ ਹੋਈ। ਇਸ ਤਰ੍ਹਾਂ ਛੇ ਲੜੀਆਂ ਦੇ ਭੋਗ ਨਾਮਧਾਰੀ ਪੰਥ ਪਿਛਲੇ 9 ਦਹਾਕਿਆਂ ਵਿੱਚ ਪਾ ਚੁਕਿਆ ਹੈ ਅਤੇ ਸੱਤਵੀਂ ਲੜੀ ਹੁਣ ਚੱਲ ਰਹੀ ਹੈ। ਇਸ ਸੱਤਵੀ ਲੜੀ ਦੇ 11 ਹਜ਼ਾਰ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ 17 ਨਵੰਬਰ 2024 ਨੂੰ ਸਵੇਰੇ ਆਸਾ ਦੀ ਵਾਰ ਤੋਂ ਬਾਅਦ ਗੁਰੂ ਨਾਨਕ ਸਤਿਸੰਗ ਭਵਨ ਵਿੱਚ ਪਾਏ ਗਏ।

ਇਸ ਮੌਕੇ ਤੇ **ਸੰਤ ਨਿਸ਼ਾਨ ਸਿੰਘ ਜੀ** ਨੇ ਬੋਲਦਿਆ ਕਿਹਾ "ਸਤਿਗੁਰੂ ਰਾਮ ਸਿੰਘ ਜੀ ਕਹਿੰਦੇ ਸਨ ਕਿ ਜੋ ਮੈਨੂੰ ਕਹਿੰਦੇ ਸੀ ਕਿ ਤੇਰੇ ਲਈ ਪਰਿਵਾਰ ਲਾ ਦਿਆਂਗੇ, ਹੁਣ ਪਰਿਵਾਰ ਲਾਉਣ ਦਾ ਸਮਾਂ ਨਹੀਂ..... ਪਾਠ ਕਰਨ ਦਾ ਸਮਾਂ ਹੈ। ਉਹ ਤਗੜੇ ਹੋ ਕੇ ਪਾਠ ਕਰਨ। ਇਸ ਤਰ੍ਹਾਂ ਸਤਿਗੁਰੂ ਜੀ ਨੇ ਨਾਮਧਾਰੀ ਪੰਥ ਨੂੰ ਗੁਰਬਾਣੀ ਨਾਲ ਜੋੜਿਆ। ਅੰਗ੍ਰੇਜ ਸਰਕਾਰ ਦੀਆਂ ਸਖਤੀਆਂ ਝੱਲ ਕੇ ਵੀ ਨਾਮਧਾਰੀਆਂ ਨੇ ਪਾਠ ਕੀਤੇ। ਪਾਠ ਕਰਨ ਦੀਆਂ ਸਜ਼ਾਵਾਂ ਭੁਗਤੀਆਂ, ਸ਼ਹੀਦੀਆਂ ਦਿੱਤੀਆਂ, ਜੁਰਮਾਨੇ ਲੱਗੇ ਪਰ ਸਤਿਗੁਰੂ ਜੀ ਦੇ ਬਚਨਾਂ ਨੂੰ ਮੰਨਿਦਿਆਂ ਗੁਰਬਾਣੀ ਦਾ ਪਠਨ- ਪਾਠਨ ਨਹੀਂ ਵਿਸਾਰਿਆ।"

**ਗਿਆਨੀ ਜਸਵੀਰ ਸਿੰਘ ਜੀ ਕੁਹਾਲਾ:** ਇਸ ਭੋਗ ਸਮਾਗਮ ਸਮੇਂ ਮੌਜੂਦ ਵਿਦਵਾਨ ਗਿਆਨੀ ਜਸਬੀਰ ਸਿੰਘ ਜੀ ਕੁਹਾਲਾ ਨੇ ਬੋਲਦਿਆਂ ਕਿਹਾ- ਨਾਮਧਾਰੀ ਪੰਥ ਔਖੇ ਸਮੇਂ ਵੀ ਗੁਰਬਾਣੀ ਨਾਲ ਜੁੜਿਆ ਰਿਹਾ। ਅੱਜ ਬੜੀ ਖੁਸ਼ੀ ਦਾ ਸਮਾਂ ਹੈ। ਗਿਆਰਾਂ ਹਜ਼ਾਰ ਸਹਿਜ ਪਾਠਾਂ ਦੇ ਭੋਗ ਪਏ ਹਨ। ਨਾਮਧਾਰੀ ਪੰਥ ਨੇ ਗੁਰਮਰਿਯਾਦਾ ਸੰਭਾਲ ਕੇ ਰੱਖੀ ਹੈ। ਸਵੇਰੇ ਹਰ ਨਾਮਧਾਰੀ ਸੰਪੂਰਨ ਇਸ਼ਨਾਨ ਕਰਦਾ ਹੈ। ਕੇਸਾਂ ਵਿੱਚ ਜਲ ਪਾਉਂਦਾ ਹੈ। ਇਹ ਪੁਰਾਤਨ ਮਰਿਯਾਦਾ ਨਿਹੰਗਾਂ ਅਤੇ ਨਾਮਧਾਰੀਆਂ ਵਿੱਚ ਹੈ। ਨਾਮਧਾਰੀਆਂ ਇਸ ਮਰਿਯਾਦਾ ਨੂੰ ਸੰਭਾਲਿਆ ਹੈ। ਸੰਪੂਰਨ ਇਸ਼ਨਾਨ ਕਰ ਨਾਮ ਸਿਮਰਨ ਨਾਲ ਜੁੜਨਾ ਅਤੇ ਗੁਰਬਾਣੀ ਪੜ੍ਹਨਾ ਇੱਕ ਪੂਰਨ ਗੁਰਸਿੱਖ ਦਾ ਨਿਯਮ ਹੁੰਦਾ ਹੈ। ਜੋ ਨਾਮਧਾਰੀ ਪੰਥ ਵਿੱਚ ਸਤਿਗੁਰਾਂ ਨੇ ਦ੍ਰਿੜ੍ਹ ਕਰਵਾਇਆ।

**ਗਿਆਨੀ ਸ਼ੇਰ ਸਿੰਘ ਜੀ ਅੰਬਾਲੇ ਵਾਲੇ–** ਪਰਮ ਸਨਮਾਨ ਯੋਗ ਗੁਰੂ ਕੀ ਸਾਜੀ ਨਿਵਾਜੀ ਸਾਧ ਸੰਗਤ ਜੀ। ਧੰਨ ਸੁ ਵੇਲਾ ਜਿਤੁ ਦਰਸਨੁ ਕਰਣਾ ਹਉ ਬਲਿਹਾਰੀ ਸਤਿਗੁਰ ਚਰਣਾ॥

ਸਾਡੀ ਜਿੰਦਗੀ ਦਾ ਇੱਕ ਬੜਾ ਪੁਰਾਣਾ ਸੁਪਨਾ ਅੱਜ ਪੂਰਾ ਹੋਇਆ ਮੇਰਾ ਖਿਆਲ ਹੈ 30-35 ਸਾਲ ਤੋਂ ਮਨ ਦੇ ਵਿੱਚ ਇੱਛਾ ਸੀ ਸ੍ਰੀ ਭੈਣੀ ਸਾਹਿਬ ਜੀ ਦੇ ਦਰਸ਼ਨ ਕਰਾਂਗੇ, ਔਰ ਰਹਿੰਦੇ ਵੀ ਨੇੜੇ ਆਂ ਲੰਘਦੇ ਵੀ ਕੋਲੋਂ ਰੋਜ ਹਾਂ ਪਰ ਜਿੰਨਾ ਚਿਰ ਮਹਾਰਾਜ ਦੀ ਕਿਰਪਾ ਨਹੀਂ ਹੁੰਦੀ ਉਨ੍ਹਾਂ ਚਿਰ ਕੋਈ ਪ੍ਰਾਪਤੀ ਨਹੀਂ ਹੁੰਦੀ। ਅੱਜ ਦੀ ਘੜੀ ਭਾਗਾਂ ਵਾਲੀ ਹੈ ਕਿ ਸੰਤ ਬਾਬਾ ਨਿਸ਼ਾਨ ਸਿੰਘ ਜੀ ਨੇ ਸਾਨੂੰ ਦੱਸਿਆ ਕਿ ਅੱਜ ਬਹੁਤ ਵੱਡਾ ਮਹਾਨ ਜੱਗ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਸੱਚੇ ਪਾਤਸ਼ਾਹ ਜੀ ਦੀ ਰੱਬੀ ਅਕਾਲੀ ਬਾਣੀ ਦੇ 11 ਹਜਾਰ ਸਹਿਜ

ਪਾਠਾਂ ਦੇ ਭੋਗ ਪਏ ਹਨ।

ਐਸਾ ਮਹਾਂਪੁਰਸ਼ਾਂ ਨੇ ਬਚਨ ਲਿਖਿਆ ਹੋਇਆ "ਸ੍ਰੀ ਗੁਰੂ ਗ੍ਰੰਥ ਸਾਹਿਬ ਸਾਰੋ ਜੋ ਨ ਸੁਣਿਓ ਜਾਇ" ਕਹਿੰਦੇ ਜੇ ਸਾਰਾ ਨਾ ਹੀ ਸੁਣਿਆ ਜਾਏ "ਆਏ ਸੁਣੈ ਭੋਗ ਕੋ" ਆਕੇ ਭੋਗ ਦੇ ਸਲੋਕ ਵੀ ਸੁਣ ਲਏ ਉਹਦੀ ਹਾਜਰੀ ਪ੍ਰਵਾਨ ਹੋ ਜਾਂਦੀ ਤੇ ਸਾਡੀ ਅੱਜ ਹਾਜਰੀ ਲੱਗ ਗਈ। ਮੈਨੂੰ ਇੰਝ ਲੱਗਦਾ ਵੀ 11 ਹਜ਼ਾਰ ਪਾਠਾਂ ਦਾ ਫਲ ਸਾਨੂੰ ਮਿਲ ਗਿਆ। ਐਡੀ ਵੱਡੀ ਦਾਤ ਸਾਨੂੰ ਮਿਲ ਗਈ। ਮਹਾਂਪੁਰਸ਼ਾਂ ਨੇ ਇਸ ਧਰਤੀ ਤੇ ਤਪ ਕੀਤਾ ਜਪ ਕੀਤਾ, ਸ਼ਹੀਦੀਆਂ ਪਾਈਆਂ, ਕੁਰਬਾਨੀਆਂ ਕੀਤੀਆਂ। ਤੇ ਜਿੱਥੇ ਸਾਧ ਸੰਗਤ ਜੀ ਮਹਾਂਪੁਰਖ ਬਹਿ ਜਾਂਦੇ ਹਨ ਬਾਣੀ ਚ ਬਚਨ ਹੈ "ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ਉਇ ਸੇਵਨਿ ਸੰਮ੍ਰਿਥ ਆਪਣਾ ਬਿਨਸੈ ਸਭੁ ਮੰਦਾ" ਉਹ ਧਰਤੀ ਪਵਿੱਤਰ ਹੋ ਜਾਂਦੀ ਹੈ।

ਗੋਬਿੰਦਵਾਲੁ ਗੋਬਿੰਦ ਪੁਰੀ ਸਮ
ਜਲ੍ਯ੍ਨ ਤੀਰਿ ਬਿਪਾਸਬਕਾਯਉ॥
ਗਯਉ ਦੁਖੁ ਦੂਰਿ ਬਰਖਾਨ ਕੋ
ਸੁ ਗੁਰੂ ਮੁਖੁ ਦੇਖਿ ਗੁਰੂ ਸੁਖੁ ਪਯਾਉ॥

ਗੋਇੰਦਵਾਲ ਸਾਹਿਬ ਦੀ ਧਰਤੀ ਤੇ ਪਹਿਲਾਂ ਭੂਤ ਪ੍ਰੇਤ ਵਸਦੇ ਸਨ ਗੋਂਦੇ ਖੱਤਰੀ ਨੇ ਗੁਰੂ ਅੰਗਦ ਦੇਵ ਪਾਤਸ਼ਾਹ ਦੇ ਚਰਨਾਂ ਚ ਬੇਨਤੀ ਕੀਤੀ ਮਹਾਰਾਜ ਮੇਰੀ ਰਹਾਇਸ ਤੇ ਭੂਤ ਪ੍ਰੇਤ ਰਹਿੰਦੇ। ਮਹਾਰਾਜ ਕਹਿੰਦੇ ਗੋਂਦਿਆ ਤੂੰ ਝੂਠੀ ਸੌਂਹ ਪਾਈ ਹੈ ਨਾ ਇਸ ਕਰਕੇ ਤੇਰੀ ਧਰਤੀ ਤੇ ਇਹ ਰੂਹਾਂ ਮਾੜੀਆਂ ਆ ਗਈਆਂ ਨੇ। ਪਰ ਤੂੰ ਹੁਣ ਗੁਰੂ ਦੀ ਸ਼ਰਨ ਆਇਆ, ਜਾ ਤੇਰਾ ਬੇੜਾ ਬੰਨੇ ਲਾਵਾਂਗੇ। ਸਤਿਗੁਰੂ ਗੁਰੂ ਅੰਗਦ ਦੇਵ ਸੱਚੇ ਪਾਤਸ਼ਾਹ ਜੀ ਦੀ ਸੇਵਾ ਕਰਦੇ ਸੀ ਉਸ ਵੇਲੇ ਸ੍ਰੀ ਗੁਰੂ ਅਮਰਦਾਸ ਪਾਤਸ਼ਾਹ, ਨਿਮਾਣਿਆਂ ਦੇ ਮਾਣ ਨਿਤਾਣਿਆਂ ਦੇ ਤਾਣ ਤੇ ਨਿਓਟਿਆਂ ਦੀ ਓਟ ਨਿਆਸਰਿਆਂ ਦੇ ਆਸਰੇ ਉਹਨਾਂ ਨੂੰ ਤੋਰਿਆ, ਜਾ ਕੇ ਜਦੋਂ ਗੁਰੂ ਅਮਰਦਾਸ ਪਾਤਸ਼ਾਹ ਧਰਤੀ ਦੇ ਗੋਇੰਦਵਾਲ ਜੀ ਦੇ ਚਰਨ ਧਰਿਆ ਸਾਰੀਆਂ ਮਾੜੀਆਂ ਰੂਹਾਂ ਦੌੜ ਗਈਆਂ। "ਰਾਮ ਸੰਤ ਮਹਿ ਭੇਦ ਕਿਛੁ ਨਾਹੀ" ਸਾਧ ਸੰਗਤ ਜੀ ਜਿਹੜੇ ਰੱਬ ਦੇ ਪਿਆਰੇ ਹੁੰਦੇ ਹਨ ਉਹਨਾਂ ਵਿੱਚ ਤੇ ਪਰਮੇਸ਼ਰ ਚ ਕੋਈ ਫਰਕ ਹੁੰਦਾ ਨਹੀਂ। ਸ਼ਬਦਾਂ ਦੇ ਹੇਰ ਫੇਰ ਚੱਲ ਰਹੇ ਨੇ ਸੰਸਾਰ ਦੇ ਵਿੱਚ ਪਰ ਜਿਹੜੀ ਆਤਮਾ ਖੇਡ ਹੈ ਉਹ ਇੱਕੋ ਹੀ ਹੈ "ਜੋਤਿ ਓਹਾ ਜੁਗਤਿ ਸਾਇ ਸਹਿ ਕਾਇਆ ਫੇਰਿ ਪਲਟੀਐ ਉਹ ਮਹਾਂਪੁਰਸ਼ਾਂ ਨੇ ਆਪਣੇ ਚਰਨਾਂ ਦੀ ਛੂਹ ਦੇ ਕੇ ਲੱਖਾਂ ਸੰਗਤਾਂ ਨੂੰ ਤਾਰ ਦਿੱਤਾ ਬਾਣੀ ਨਾਲ ਜੋੜਿਆ।

ਸਿੱਖ ਰਾਜ ਦਾ ਸੂਰਜ ਡੁੱਬਿਆ ਆਪਣਿਆਂ ਗਦਾਰਾਂ ਨੇ ਡੋਗਰਿਆਂ ਨੇ ਗਦਾਰੀ ਕੀਤੀ ਸ਼੍ਰੋਮਣੀ ਪੰਥ ਅਕਾਲੀ ਬੁੱਢੇ ਦਲ ਦੇ ਜਥੇਦਾਰ ਸਿੰਘ ਸਾਹਿਬ ਬਾਬਾ ਹਨੂਮਾਨ ਸਿੰਘ ਜੀ ਅਕਾਲੀ ਜੀ, ਵੈਰੀ ਨਾਲ ਲੜਦੇ ਹੋਏ ਚੰਡੀਗੜ੍ਹ ਦੇ ਲਾਗੇ ਜਾ ਕੇ ਸ਼ਹੀਦੀ ਪਾ ਗਏ ਤੇ ਉਸ ਵੇਲੇ ਫਿਰ ਸਾਰਾ ਪੰਥ ਖਿੰਡ ਪੁੰਡ ਗਿਆ ਨਾਮਧਾਰੀ ਪੰਥ ਨੇ ਬਾਗ ਡੋਰ ਸੰਭਾਲੀ। ਸਿੱਖੀ ਦਾ ਪ੍ਰਚਾਰ ਬਾਬਾ ਜੀ ਨੇ ਪਿੰਡ ਪਿੰਡ ਜਾ ਕੇ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਕਰਵਾਉਣੇ ਜਾਪ ਕਰਵਾਉਣੇ ਤੇ ਖਾਲਸਾ ਫਿਰ ਪ੍ਰਗਟ ਕੀਤਾ। ਤੇ ਸਾਧ ਸੰਗਤ ਜੀ ਬਿਖੜਿਆਂ ਸਮਿਆਂ ਵਿੱਚ ਅੰਗਰੇਜ਼ਾਂ ਨੇ ਜਿਹੜੇ ਜਿਹੜੇ ਪੁਰਾਤਨ ਸਨ ਜਿੰਨੇ ਵੀ ਗੁਰੂ ਨਾਨਕ ਸਾਹਿਬ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਪਿਆਰੇ ਸਿੱਖ ਸਨ ਭਾਵੇਂ ਉਹ ਸਰੂਪ ਅਕਾਲੀ ਬੁੱਢਾ ਦਲ ਸੀ ਤਰਨਾ ਦਲ ਸੀ ਨਿਹੰਗ ਸਿੰਘਾਂ ਦੇ ਦਲ ਸਨ ਭਾਵੇਂ ਉਹ ਸਤਿਗੁਰੂ ਨਾਨਕ ਦੇਵ ਜੀ ਦਾ ਅੰਸ ਬੰਸ ਬੇਦੀ ਪਰਿਵਾਰ ਬਾਬਾ ਸਾਹਿਬ ਸਿੰਘ ਜੀ ਮਹਾਂਪੁਰਸ਼ਾਂ ਦੀਆਂ ਅੰਸ਼ ਬੰਸ ਉਹਨਾਂ ਸਭ ਦਾ ਘਰ ਤੋਪਾਂ ਮਾਰ ਕੇ ਢਾਹ ਦਿੱਤਾ ਤੇ ਖਾਲਸਾ ਜੀ ਜਿੱਥੇ ਕਿਤੇ ਗੁਰੂ ਕੇ ਸਿੱਖ ਰਹਿੰਦੇ ਸਨ ਵੱਡੇ ਵੱਡੇ ਚੌਂਕੀਆਂ ਪਾ ਦਿੱਤੀਆਂ ਸ਼ਕਤੀਆਂ ਕਰ ਦਿੱਤੀਆਂ ਫਾਂਸੀਆਂ ਤੇ ਟੰਗ ਦਿੱਤੇ ਪਰ ਗੁਰੂ ਕੇ ਸਿੱਖਾਂ ਨੇ ਸਿਦਕ ਨਹੀਂ ਹਾਰਿਆ ਗੁਰੂ ਨਾਨਕ ਦਾ ਝੰਡਾ ਚੁੱਕੀ ਰੱਖਿਆ।

ਬਾਣੀ ਦੇ ਆਸਰੇ ਨਾਮ ਦੇ ਆਸਰੇ ਗੁਰੂ ਨਾਨਕ ਸੱਚੇ ਪਾਤਸ਼ਾਹ ਦੀ ਕਿਰਪਾ ਦੇ ਆਸਰੇ ਅੱਜ ਸਾਰੀ ਦੁਨੀਆ ਚ ਗੁਰੂ ਨਾਨਕ ਦਾ ਝੰਡਾ ਝੂਲ ਰਿਹਾ ਹੈ। ਆ ਕਰੋਨਾ ਕਾਲ ਦੇ ਵਿੱਚ ਸਾਰਿਆਂ ਦੇ ਹੱਥ ਖੜੇ ਹੋ ਗਏ ਸਰਕਾਰ ਨੇ ਜਵਾਬ ਦੇ ਦਿੱਤਾ ਤੇ ਹਸਪਤਾਲਾਂ ਨੇ ਜਵਾਬ ਦੇ ਤਾ ਪਰ ਮੇਰੇ ਗੁਰੂ ਨਾਨਕ ਦੇ ਘਰ ਤੋਂ ਲੰਗਰ ਘਰ ਘਰ ਪਹੁੰਚਿਆ ਤੇ ਬਿਮਾਰਾਂ ਦੀ ਦੁਖੀਆਂ ਦੀ ਬਾਂਹ ਫੜੀ ਗਈ। ਇਹ ਵੱਡੀ ਵਡਿਆਈ ਹੈ ਪ੍ਰਗਟ ਭਈ ਸਗਲੇ ਜੁਗ ਅੰਤਰ ਗੁਰੂ ਨਾਨਕ ਕੀ ਵਡਿਆਈ।

ਇਹ ਕਲਯੁਗ ਦਾ ਰਾਜ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਖਾਲਸਾ ਜੀ ਪਿਛਲੇ ਯੁਗਾਂ ਵਿੱਚ ਮਹਾਂਪੁਰਸ਼ ਹੋਏ ਨੇ "ਸਤਜੁਗ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ॥ ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸ ਕਹਾਇਓ॥ ਦੁਆਪੁਰਿ ਕ੍ਰਿਸ਼ਨ ਮੁਰਾਰਿ ਕੰਸੁ ਕਿਰਤਾਰਥ ਕੀਓ॥ ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ॥ ਕਲਿਜੁਗ ਪ੍ਰਮਾਣੁ ਨਾਨਕ ਗੁਰੁ ਅੰਗਦੁ ਅਮਰੁ ਕਹਾਇਓ॥ ਸ੍ਰੀ ਗੁਰ ਰਾਜੁ ਅਬਿਚਲ ਅਟਲੁ ਆਦਿ ਪੁਰਖ ਫੁਰਮਾਇਓ॥

ਕਲਯੁਗ ਦੇ ਪਾਤਸ਼ਾਹ ਸਤਿਗੁਰੂ ਨਾਨਕ ਦੇਵ ਪਾਤਸ਼ਾਹ ਜੀ ਹਨ ਆਪਾਂ ਸਾਰੇ ਜਿੰਨੇ ਵੀ ਉਹਨਾਂ ਦੇ ਬਾਗ ਦੇ

ਫੁੱਲ ਹਾਂ ਖਾਲਸਾ ਜੀ ਕੋਈ ਚਿੱਟੇ ਕਮਲ ਹਨ ਕੋਈ ਨੀਲੇ ਕਮਲ ਹਨ ਪਰ ਸੁਗੰਧੀ ਗੁਰੂ ਨਾਨਕ ਦੀ ਆ ਰਹੀ ਹੈ। ਬਾਣੀ ਦੀ ਗੁਰ ਸ਼ਬਦ ਦੀ ਕਲਾ ਵਰਤ ਰਹੀ ਹੈ ਔਰ ਉਹਨਾਂ ਪੁਰਾਤਨ ਸੰਪਰਦਾਵਾਂ ਨੂੰ ਅੰਗਰੇਜ਼ਾਂ ਨੇ ਪਿੱਛੇ ਕਰਨ ਦੀ ਕੋਈ ਕਸਰ ਨਹੀਂ ਛੱਡੀ ਬਾਣੀ ਨੂੰ ਪਿੱਛੇ ਕੀਤਾ। ਜਦੋਂ 2006 ਦੇ ਵਿੱਚ ਸਾਹਿਬ ਸ੍ਰੀ ਕਲਗੀਧਰ ਪਿਤਾ ਜੀ ਮਹਾਰਾਜ ਦੀ ਬਾਣੀ ਦੀ ਘੋਰ ਨਿੰਦਾ ਕਰਨ ਲੱਗ ਪਏ ਤੇ ਖਾਲਸੇ ਪੰਥ ਨੇ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਅਕਾਲੀ 96 ਕਰੋੜੀ ਮਹਾਂਪੁਰਸ਼ਾਂ ਨੇ ਗੁਰਦੁਆਰਾ ਜ਼ਫਰਨਾਮਾ ਸਾਹਿਬ ਜਿੱਥੋਂ ਜਫਰਨਾਮਾ ਲਿਖ ਕੇ ਔਰੰਗਜ਼ੇਬ ਨੂੰ ਮਹਾਰਾਜ ਕਲਗੀਧਰ ਪਾਤਸ਼ਾਹ ਨੇ ਨਰਕਾਂ ਨੂੰ ਭੇਜਿਆ ਸੀ।

ਉਹ ਸਾਧ ਸੰਗਤ ਜੀ ਜਫਰਨਾਮਾ ਸਾਹਿਬ ਦੀ ਧਰਤੀ ਤੇ ਦਸਮ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ ਦਾ ਮਹਾਨ ਸਮਾਗਮ ਰਚਿਆ ਗਿਆ ਤੇ ਉਸ ਵੇਲੇ ਸੰਤ ਬਾਬਾ ਨਿਸ਼ਾਨ ਸਿੰਘ ਜੀ ਨੂੰ ਮਹਾਂਪੁਰਸ਼ਾਂ ਨੇ ਇੱਥੋਂ ਭੈਣੀ ਸਾਹਿਬ ਤੋਂ ਪੰਜਾਂ ਪਿਆਰਿਆਂ ਨੂੰ ਭੇਜਿਆ ਸੀ। ਦਾਸ ਨੂੰ ਯਾਦ ਹੈ ਕਿ ਜਦੋਂ ਨਾਮਧਾਰੀ ਸਿੰਘ ਸਟੇਜ ਤੇ ਆਏ ਤੇ ਬਾਕੀ ਖਾਲਸੇ ਦੀਆਂ ਸਾਰੀਆਂ ਸੰਪਰਦਾਵਾਂ ਦਾ ਮਨ ਖਿੜ ਗਿਆ ਖੁਸ਼ ਹੋਏ ਕਿ ਆਪਸ ਵਿੱਚ ਸਾਰੇ ਆਪਾਂ ਭਰਾ ਇਕੱਠੇ ਹੋਏ ਹਾਂ। ਭਾਵੇਂ ਸਾਨੂੰ ਨਿਖੇੜਨ ਦੇ ਯਤਨ ਬੜੇ ਹੋ ਰਹੇ ਨੇ ਪਰ ਖ਼ਾਲਸਾ ਜੀ ਨਿੱਖੜ ਕੇ ਬਚਾਅ ਨਹੀਂ ਹੈ। ਜਦੋਂ ਮਿਸਲਾਂ ਦਾ ਸਮਾਂ ਸੀ ਨਾ ਵੱਡੇ ਘੱਲੂਘਾਰੇ ਦਾ ਉਦੋਂ ਜਥੇਦਾਰ ਚੜਤ ਸਿੰਘ ਸ਼ੁਕਰਚੱਕੀਆ ਸ਼ੇਰੇ ਪੰਜਾਬ ਮਹਾਰਾਜ ਰਣਜੀਤ ਸਿੰਘ ਦਾ ਦਾਦਾ ਬੋਲਿਆ ਸੀ ਉਹ ਕਹਿੰਦੇ ਮਿਸਲ ਵਾਰ ਅਬ ਲੜਨੋ ਨਾਹਿ, ਰਲ ਮਿਲ ਖੜ ਪੰਥ ਬਚਾਏ।

ਕਹਿੰਦੇ ਆਪਣੀ ਆਪਣੀਆਂ ਮਿਸਲਾਂ ਨਾ ਬਚਾਓ ਰਲ ਕੇ ਪੰਥ ਬਚਾ ਲਓ ਆਪਾਂ ਸਾਰੇ ਇਕੱਠੇ ਹੋ ਜਾਈਏ ਤੇ ਖਾਲਸਾ ਜੀ ਜਦੋਂ ਪੰਥ ਇਕੱਠਾ ਹੋਏਗਾ ਤੇ ਬਾਣੀ ਬਾਣੇ ਦਾ ਪ੍ਰਚਾਰ ਹੋਏਗਾ, ਸਾਰੀ ਦੁਨੀਆ ਦਾ ਕਲਿਆਣ ਹੋਏਗਾ ਭਲਾ ਹੋਏਗਾ। ਮਹਾਂਪੁਰਸ਼ਾਂ ਨੇ ਬੜਾ ਵੱਡਾ ਉਪਕਾਰ ਕੀਤਾ ਜਿਵੇਂ ਸਤਿਕਾਰਯੋਗ ਬਾਬਾ ਜੀ ਨਿਸ਼ਾਨ ਸਿੰਘ ਜੀ ਦੱਸ ਰਹੇ ਸਨ ਵੀ ਆਪਾਂ ਇੱਕੋ ਹੀ ਪਰਿਵਾਰ ਆਂ, ਇੱਕ ਵਾਰੀ ਇੱਕ ਲੜਕੀ ਉਹ ਪੱਤਰਕਾਰ ਇੰਟਰਵਿਊ ਲੈਣ ਆਈ ਬਾਬਾ ਸੰਤਾ ਸਿੰਘ ਜੀ ਅਕਾਲੀ ਜੀ ਦਾ ਤੇ ਦਾਸ ਉਦੋਂ ਛੋਟੀ ਉਮਰ ਸੀ ਨਾਲ ਨੇੜੇ ਖੜੇ ਸਾਂ, ਪਰਿਵਾਰ ਦੀ ਮੈਂ ਗੱਲ ਕਰਨ ਲੱਗਾ ਉਹ ਲੜਕੀ ਨੇ ਬੁੱਢੇ ਦਲ ਦੇ ਵਿੱਚ ਸਾਰੇ ਪ੍ਰੋਜੈਕਟਾਂ ਬਾਰੇ ਮਰਿਆਦਾ ਬਾਰੇ ਦਲ ਦੀ ਜੋ ਰੀਤੀ ਰਿਵਾਜ ਹੈ ਇਤਿਹਾਸ ਹੈ, ਪਰੰਪਰਾ ਹੈ, ਉਹਦਾ ਪੁੱਛਿਆ, ਬਾਬਾ ਜੀ ਸਾਰਾ ਇਤਿਹਾਸ ਪਿੱਛੋਂ ਲੈ ਕੇ ਗੁਰੂ ਸਾਹਿਬ ਤੋਂ ਲੈ ਕੇ ਦੱਸਦੇ ਆਏ ਸਕੂਲਾਂ ਕਾਲਜਾਂ ਬਾਰੇ ਵੀ ਦੱਸਿਆ ਵੀ ਆਹ ਸਾਡੀਆਂ ਸੰਸਥਾਵਾਂ ਨੇ ਇਦਾਂ ਦੇ ਅਸੀਂ ਪ੍ਰਚਾਰ ਦੇ ਸਾਧਨ ਕਰ ਦਿੱਤੇ ਹਨ। ਉਹ ਲੜਕੀ ਨੇ ਇੱਕ ਸਵਾਲ ਪੁੱਛ ਲਿਆ ਬਾਬਾ ਜੀ, ਵੀ ਤੁਹਾਡੇ ਵਿੱਚ ਜਿਹੜਾ ਕੋਈ ਤੰਤੀ ਸਾਜਾਂ ਵਾਲਾ ਕਲਾਸੀਕਲ ਕੀਰਤਨ ਹੈ ਉਹਦੀ ਵੀ ਕੋਈ ਮਰਿਆਦਾ ਹੈ ਸਾਂਭੀ ਹੋਈ ਤੁਸੀਂ ਨਿਹੰਗਾ ਸਿੰਘਾਂ ਨੇ ਤੇ ਬਾਬੇ ਸੰਤਾ ਸਿੰਘ ਜਵਾਬ ਪਤਾ ਕੀ ਦਿੱਤਾ ਕਹਿੰਦੇ ਹਾਂ ਸਾਂਭੀ ਹੋਈ ਹੈ। ਸਾਡਾ ਇੱਕ ਬਹੁਤ ਵੱਡਾ ਅੰਗ ਨੇ ਨਾਮਧਾਰੀ ਪੰਥ ਉਨਾਂ ਨੇ ਇਹ ਮਰਿਆਦਾ ਸਾਂਭੀ ਹੋਈ ਹੈ।

ਆਪਾਂ ਇੱਕੋ ਹੀ ਸਮਝਣਾ ਆਪਣੇ ਆਪ ਨੂੰ ਤੇ ਤਾਂ ਸਾਡੀ ਚੜ੍ਹਦੀ ਕਲਾ ਹੋਣੀ ਹੈ। ਇਹ ਗੁਰੂ ਨਾਨਕ ਦਾ ਪੰਥ ਹੈ ਸਾਰੇ ਰਲ ਮਿਲ ਕੇ ਬਾਣੀ ਬਾਣੇ ਦਾ ਪ੍ਰਚਾਰ ਕਰੀਏ ਤੇ ਦੇਸ਼ ਵਿਦੇਸ਼ ਸੰਸਾਰ ਅੱਜ ਮੰਗ ਰਿਹਾ ਹੈ। ਕਿਉਂਕਿ ਦੁਨੀਆਂ ਤਰਾਏ ਕਰ ਰਹੀ ਹੈ। ਦੁਨੀਆਂ ਬਰੂਦ ਦੇ ਢੇਰ ਤੇ ਬੈਠੀ ਹੈ। ਇਸ ਵੇਲੇ ਕੁਛ ਵੀ ਹੋ ਸਕਦਾ ਹੈ। ਕੋਈ ਪਤਾ ਨਹੀਂ ਘੜੀ ਨੂੰ ਹੋ ਜਾਵੇ ਪਲ ਨੂੰ ਹੋ ਜਾਵੇ, ਘੰਟੇ ਨੂੰ ਹੋ ਜਾਵੇ, ਮਹੀਨੇ ਨੂੰ ਹੋ ਜਾਵੇ। ਸਾਲ ਨੂੰ ਹੋ ਜਾਵੇ ਸਮਾਂ ਬਹੁਤ ਭਿਆਨਕ ਨਜ਼ਰ ਆ ਰਿਹਾ ਦੁਨੀਆਂ ਦੇ ਸਭ ਚਿੰਤਕ ਜਿਹੜੇ ਵਿਦਵਾਨ ਲੋਕ ਸਿਆਣੇ ਲੋਕ ਸੋਚ ਰਹੇ ਨੇ। ਜਿਹੜੀ ਬਾਬਾ ਰਾਮ ਸਿੰਘ ਜੀ ਮਹਾਰਾਜ ਨੇ ਉਸ ਵੇਲੇ ਲਹਿਰ ਚਲਾਈ ਸੀ ਨਾ ਵੀ ਸਾਦਾ ਜੀਵਨ ਰੱਖੋ ਆਪਣੇ ਖੂਹ ਬਣਾਓ, ਆਪਣੇ ਵਿਵੇਕ ਦਾ ਜਲ ਛਕੋ। ਉਹ ਮਰਿਆਦਾ ਫਿਰ ਲਾਗੂ ਕਰਨੀ ਪੈਣੀ ਹੈ। ਆਪਣੇ ਪਿੰਡਾਂ ਚ ਪੰਜਾਬ ਦੇ ਵਿੱਚ ਛੱਪੜ ਬੰਦ ਕਰਤੇ ਪੂਰਤੇ ਆ ਪੜ੍ਹੇ ਲਿਖੇ ਕਾਗਜ਼ਾਂ ਵਾਲਿਆਂ ਨੇ ਯੂਨੀਵਰਸਿਟੀ ਵਾਲਿਆਂ ਨੇ, ਤੇ ਸਾਡੇ ਬਜ਼ੁਰਗਾਂ ਨੇ ਕਹੀਆਂ ਮਾਰ ਮਾਰ ਕੇ ਹਜ਼ਾਰਾਂ ਸਾਲ ਪਹਿਲਾਂ ਛੱਪੜ ਪੁੱਟੇ ਸਨ। ਇਹਨਾਂ ਨੇ ਬਲਡੋਜਰਾਂ ਨਾਲ ਪੂਰਤੇ, ਪਾਣੀ ਪਹਿਲਾ ਪਾਣੀ ਜੀਉ ਹੈ॥ ਜਿਤ ਹਰਿਆ ਸਭੁ ਕੋਇ॥ ਮਹਾਂਪੁਰਸ਼ਾਂ ਨੇ ਉਹ ਚੀਜ਼ਾਂ ਸਾਂਭੀਆਂ ਤੇ ਸਾਨੂੰ ਗੁਰੂ ਰਾਮਦਾਸ ਪਾਤਸ਼ਾਹ ਨੇ ਸਰੋਵਰ ਬਣਾ ਕੇ ਇਹ ਦੱਸਿਆ ਵੀ ਇਹ ਸਾਡਾ ਜੀਵਨ ਦਾ ਮੂਲ ਹੈ। ਇਹਨਾਂ ਮੂਲ ਸਰੋਤਾਂ ਨੂੰ ਸਾਂਭੀਏ ਵਾਤਾਵਰਨ ਨੂੰ ਸਾਂਭੀਏ ਨਾਮ ਬਾਣੀ ਜਪੀਐ ਤੇ ਵਿਸ਼ਵ ਸ਼ਾਂਤੀ ਦੀ ਅਰਦਾਸ ਕਰੀਏ। ਜਗਤ ਜਲੰਦਾ ਰੱਖ ਲੈ ਆਪਣੀ ਕਿਰਪਾ ਧਾਰ।

ਸਾਰੇ ਘਰ ਘਰ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਪੜ੍ਹੀਏ ਉਹਨਾਂ ਦਾ ਇਤਿਹਾਸ ਸੁਣੀਏ ਜਿਵੇਂ ਬਾਬਾ ਨਿਸ਼ਾਨ ਸਿੰਘ ਜੀ ਮਹਾਂਪੁਰਸ਼ ਦੱਸ ਰਹੇ ਸਨ ਵੀ ਗੁਰ ਪ੍ਰਤਾਪ ਸੂਰਜ ਦੀ ਕਥਾ ਅੰਗਰੇਜ਼ੀ ਵਿੱਚ ਵੀ ਸਿੰਘ ਲਿਖ ਰਹੇ ਨੇ ਤੇ

ਉਹ ਕਥਾ ਸਾਰੀ ਨੌਵੇਂ ਪਾਤਸ਼ਾਹ ਦੀ ਵੀ ਸਾਧ ਸੰਗਤ ਜੀ ਨੈੱਟ ਤੇ ਪਾਈ ਹੋਈ ਹੈ। ਉਹ ਕਥਾ ਵੀ ਆਪਾਂ ਸੁਣੀਏ 'ਗੁਰ ਪ੍ਰਤਾਪ ਸੂਰਜ' ਵਿੱਚੋਂ ਅਤੇ ਗੁਰੂ ਸਾਹਿਬ ਜੀ ਦੀ ਬਾਣੀ ਵੀ ਪੜ੍ਹੀਏ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਜਿਹੜਾ ਆਹ ਦੇਸ਼ ਦੇ ਅੰਦਰ ਸਾਡਾ ਧਰਮ ਕਰਮ ਸਨਾਤਨ ਧਰਮ ਹੈ, ਜੈਨ ਧਰਮ ਹੈ, ਬੁੱਧ ਧਰਮ ਹੈ, ਖਾਲਸਾ ਪੰਥ ਹੈ, ਇਹ ਨਜ਼ਰ ਆ ਰਿਹਾ ਇਹਨਾਂ ਗੁਰੂ ਤੇਗ ਬਹਾਦਰ ਸਾਹਿਬ ਦੀ ਬਦੌਲਤ ਹੈ ਜੇ ਮਹਾਰਾਜ ਸਾਹਿਬ ਜੀ ਆਪਣੇ ਸੀਸ ਦਾ ਬਲਿਦਾਨ ਨਾ ਦਿੰਦੇ ਤਾਂ ਦੇਸ਼ ਦਾ ਨਕਸ਼ਾ ਕੀ ਹੋਣਾ ਸੀ ਤੁਸੀਂ ਸਮਝ ਸਕਦੇ ਹੋ। ਅੱਜ ਫੇਰ ਉਹਨਾਂ ਉਪਦੇਸ਼ਾਂ ਨੂੰ ਯਾਦ ਕਰਨ ਦਾ ਸਮਾਂ ਹੈ ਵਿਸ਼ਵ ਸ਼ਾਂਤੀ ਦੇ ਲਈ ਮਹਾਂਪੁਰਸ਼ ਉਪਕਾਰ ਕਰ ਰਹੇ ਹਨ ਉਹ ਬਹੁਤ ਵੱਡਾ ਹੈ। ਮਹਾਰਾਜ ਜਥੇਬੰਦੀ ਨੂੰ ਚੜ੍ਹਦੀ ਕਲਾ ਬਖਸ਼ਣ ਤੇ ਦਾਸ ਸਾਰਿਆਂ ਹੀ ਮਹਾਂਪੁਰਸ਼ਾਂ ਦਾ ਵਰਤਮਾਨ ਮੁਖੀ ਮਹਾਂਪੁਰਸ਼ ਬਿਰਾਜਮਾਨ ਨੇ ਔਰ ਸਾਰੀਆਂ ਸੰਗਤਾਂ ਸਭ ਦਾ ਧੰਨਵਾਦ ਫਤਿਹ ਅਰਜ ਕਰਦਾ ਹਾਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਿਹ।

**ਸ੍ਰੀ ਸਤਿਗੁਰੂ ਜੀ ਦੇ ਪਵਿੱਤਰ ਉਪਦੇਸ਼–** ਇਸ ਇਤਿਹਾਸਿਕ ਮੌਕੇ ਤੇ ਸ੍ਰੀ ਸਤਿਗੁਰੂ ਜੀ ਨੇ ਪਵਿੱਤਰ ਉਪਦੇਸ਼ ਦੇਣ ਦੀ ਕਿਰਪਾ ਕੀਤੀ। ਆਪ ਜੀ ਨੇ ਬਚਨ ਕੀਤਾ- "ਅੱਜ ਗਿਆਰਾਂ ਹਜ਼ਾਰ ਪਾਠਾਂ ਦੇ ਭੋਗ ਪਾਏ ਹਨ ਜਿੰਨ੍ਹਾਂ ਮਾਈਆਂ-ਭਾਈਆਂ ਨੇ ਇਹ ਪਾਠ ਕੀਤੇ ਹਨ, ਉਹਨਾਂ ਸਾਰਿਆਂ ਦਾ ਧੰਨਵਾਦ। ਜਿੰਨ੍ਹਾ ਨੌਜੁਆਨਾਂ ਨੇ ਪਾਠਾਂ ਨੂੰ ਸੰਪੂਰਨ ਕਰਨ ਲਈ ਯਤਨ ਕੀਤੇ, ਪਾਠ ਸ਼ੁਧਾਈ ਕਰਾਈ, ਸ਼ਬਦ ਵੰਡੇ, ਉਹਨਾਂ ਦੀ ਸੇਵਾ ਵੀ ਸਤਿਗੁਰੂ ਜੀ ਆਪਣੇ ਚਰਨਾਂ ਵਿੱਚ ਪ੍ਰਵਾਨ ਕਰਨ। ਸਾਧ ਸੰਗਤ ਗੁਰਬਾਣੀ ਨਾਲ ਜੁੜੀ ਰਹੇ ਅਤੇ ਅਗਲੇ ਗਿਆਰਾਂ ਹਜ਼ਾਰ ਪਾਠਾਂ ਦੀ ਆਰੰਭਤਾ ਹੋ ਗਈ ਹੈ। ਆਪਾਂ ਪਾਠ ਕਰਨ ਦੀ ਆਦਤ ਨੂੰ ਛੱਡੀਏ ਨਾ। ਇਸ ਸਮਾਗਮ ਵਿੱਚ ਆਉਣ ਤੇ ਗਿਆਨੀ ਜਸਵੀਰ ਸਿੰਘ, ਗਿਆਨੀ ਸ਼ੇਰ ਸਿੰਘ ਜੀ ਦਾ ਬਹੁਤ ਬਹੁਤ ਧੰਨਵਾਦ। ਗਿਆਨੀ ਸ਼ੇਰ ਸਿੰਘ ਜੀ ਬਚਨ ਕਰ ਰਹੇ ਸਨ- ਇਹ ਸਾਡਾ ਪਰਿਵਾਰ ਹੈ, ਇਹ ਗੱਲ ਬਿਲਕੁਲ ਸੱਚ ਹੈ। ਅਸੀਂ ਕਦੇ ਵੀ ਸਿੱਖ ਪੰਥ ਤੋਂ ਵੱਖਰੇ ਨਹੀਂ। ਕੋਈ ਕੁਝ ਵੀ ਆਖੀ ਜਾਵੇ, ਅਸੀਂ ਕਿਸੇ ਕੋਲੋ ਸਿੱਖੀ ਦਾ ਸਰਟੀਫਿਕੇਟ ਨਹੀਂ ਲੈਣਾ। ਮੈਂ ਤਾਂ ਇਸ ਤੋਂ ਅਗਲੀ ਗੱਲ ਕਰਾਂ ਕਿ ਜਦੋਂ ਅਸੀਂ ਗੁਰੂ ਨਾਨਕ ਪਾਤਸ਼ਾਹ ਦੇ ਬਣਦੇ ਹਾਂ ਤਾਂ ਸਾਡੀ ਅਵਸਥਾ ਇਹ ਹੋਣੀ ਚਾਹੀਦੀ ਹੈ ਕਿ 'ਨਾ ਕੋ ਬੈਰੀ ਨਾਹੀ ਬਿਗਾਨਾ'। ਇਸ ਥਾਂ ਤੇ ਨਾ ਹਿੰਦੂ ਬੇਗਾਨਾ ਹੈ....ਨਾ ਮੁਸਲਮਾਨ ਬੇਗਾਨਾ ਹੈ। ਇਹ ਸਭ ਤਰੇੜਾਂ ਗੁਰੂ ਨਾਨਕ ਦੇ ਘਰ ਮਿਟ ਜਾਂਦੀਆਂ ਹਨ। ਗੁਰਬਾਣੀ ਸਰਬ ਸਾਂਝੀ ਹੈ। ਇਹ ਨਾ ਹੀ ਕਿਸੇ ਵਿਸ਼ੇਸ਼ ਧਰਮ ਦੀ ਹੈ ਨਾ ਵਿਸ਼ੇਸ਼ ਦੇਸ਼ ਇਲਾਕੇ ਦੀ। ਇਹ ਸਮੁੱਚੀ ਮਨੁੱਖਤਾ ਲਈ ਹੈ। ਤੁਸੀਂ ਗੁਰਬਾਣੀ ਦਾ ਪਾਠ ਕਰੋ। ਸਮਝ ਕੇ ਪੜ੍ਹੋ। ਜਦੋਂ ਅਸੀਂ ਸਮਝ ਕੇ ਪੜ੍ਹਦੇ ਹਾਂ ਤਾਂ ਸਾਡਾ ਧਿਆਨ ਸ਼ਬਦ ਵਿੱਚ ਲਗਦਾ ਹੈ ਅਤੇ ਸਭ ਚਿੰਤਾ ਖਤਮ ਹੋ ਜਾਂਦੀਆਂ ਹਨ। ਗੁਰਬਾਣੀ ਦੀ ਫਿਲਾਸਫੀ ਨਾਲ ਜੋ ਵੀ ਜੁੜੇਗਾ, ਉਹ ਸੁਖੀ ਹੋ ਜਾਵੇਗਾ। ਸਿੱਖ ਬਨਣ ਦਾ ਮਤਲਬ ਹੀ ਇਹ ਹੈ ਕਿ ਸਾਡੇ ਅੰਦਰੋ ਬੇਈਮਾਨੀ, ਈਰਖਾ ਅਤੇ ਝੂਠ ਨਿਕਲ ਜਾਵੇ ਤੇ ਅਸੀਂ ਕਿਸੇ ਬਾਰੇ ਮਾੜਾ ਨਾ ਸੋਚੀਏ।" ਇਸ ਭੋਗ ਸਮਾਗਮ ਦੌਰਾਨ ਸੱਤ ਜੋੜਿਆਂ ਦੇ ਆਨੰਦ ਕਾਰਜ ਵੀ ਹੋਏ।

## 12 ਵਾਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ

ਹੇ ਬੇਅੰਤ ਅਨੰਤ ਗੁਰੂ ਸੁਰਾਂ ਚ ਤੇਰਾ ਵਾਸ ਹੈ
ਸੰਗੀਤ ਦਾ ਸਰਵਰ ਹੈ ਤੂੰ ਚਾਤ੍ਰਿਕ ਦੀ ਪਿਆਸ ਹੈ
ਗੂੰਜਦਾ ਬ੍ਰਹਮੰਡ ਚ ਰਾਗ ਨਾਦ ਹੈ ਤੇਰਾ
ਪਪੀਹੇ ਦੀ ਪੀ ਹੂੰ ਪੀ ਹੂੰ ਵਜਦਾ ਹੈ ਸਾਜ਼ ਤੇਰਾ
ਝਰਨਾ ਝਰ ਝਰ ਵਗਦਾ ਜੀਵੇ ਛੰਦ ਤੇਰੇ ਗਾ ਰਿਹਾ
ਗੀਤ ਜੌ ਸੁਣਦਾ ਫਿਜ਼ਾ ਚ ਤੂੰ ਹੀ ਗੁਣ ਗੁਣਾ ਰਿਹਾ
ਚਹਿਕਣਾ ਚਿੜੀਆ ਦਾ ਵੀ ਤਰਬਕਾਰੀ ਖਾਸ ਹੈ
ਸਰ ਸਰਾਉਂਦੀ ਹਵਾ ਕਹੇ ਸਦਾ ਤੂੰ ਆਸ ਪਾਸ ਹੈ

ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨਾਲ ਇਸ ਤਰਾਂ ਦਾ ਸੰਬੰਧ ਹੈ ਕਿ ਉਹਨਾਂ ਦਾ ਖਿਆਲ ਮਾਤਰ ਵੀ ਕੀਰਤਨ ਅਤੇ ਭਾਰਤੀ ਸ਼ਾਸਤਰੀ ਸੰਗੀਤ ਨਾਲ ਜੋੜ ਦਿੰਦਾ ਹੈ, ਆਪ ਜੀ ਦੇ ਜੀਵਨ ਦੇ ਬਹੁਤ ਸਾਰੇ ਪੱਖ ਸਨ ਬਹੁਤ ਸਾਰੇ ਰੁਝੇਵੇਂ ਪਰ ਇਸ ਸਭ ਦੇ ਬਾਵਜੂਦ ਇਕ ਚੀਜ਼ ਨਿਰੰਤਰ ਸਤਿਗੁਰੂ ਜੀ ਦੀ ਦਿਨ ਚਰਿਆ 'ਚ ਸ਼ਾਮਿਲ ਸੀ ਉਹ ਸੀ ਸੰਗੀਤ। ਭਾਵੇਂ ਸਵੇਰੇ ਆਸਾ ਦੀ ਵਾਰ ਦੇ ਕੀਰਤਨ ਦੇ ਰੂਪ ਵਿੱਚ ਭਾਵੇਂ ਸ਼ਾਮ ਦੇ ਦੀਵਾਨ ਦੇ ਰੂਪ ਵਿੱਚ ਜਾਂ ਸੰਗੀਤ ਬੈਠਕਾਂ ਦੇ ਰੂਪ ਵਿੱਚ, ਇਸ ਲਈ ਆਪ ਜੀ ਦੀ ਸਿਮਰਤੀ ਵੀ ਸੰਗੀਤ ਬਗੈਰ ਅਧੂਰੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੂੰ ਯਾਦ ਕਰਨਾ ਹੋਵੇ ਜਾਂ ਉਹਨਾਂ ਦੇ ਪ੍ਰਤੀ ਕੁਝ ਸ਼ਰਧਾ ਭਾਵ ਰੱਖਣਾ ਹੋਵੇ ਤਾਂ ਸੰਗੀਤ ਤੋਂ ਉੱਤਮ ਮਾਧਿਅਮ ਹੋਰ ਕੁਝ ਨਹੀਂ, ਇਸ ਲਈ ਹਜ਼ੂਰ ਸਤਿਗੁਰੂ ਉਦੇ ਸਿੰਘ ਜੀ ਨੇ ਆਪ ਜੀ ਦੇ ਪਾਵਨ ਪ੍ਰਕਾਸ਼ ਪੁਰਬ ਨੂੰ ਸਤਿਗੁਰੂ ਜਗਜੀਤ ਸਿੰਘ

ਸੰਗੀਤ ਸੰਮੇਲਨ ਦਾ ਰੂਪ ਦੇ ਦਿੱਤਾ, ਅਤੇ ਹਰ ਸਾਲ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੁਰਬ ਤੇ ਲੜੀਵਾਰ ਚਲਦੇ ਇਸ ਸੰਗੀਤ ਸੰਮੇਲਨ ਦਾ ਐਤਕੀਂ ਬਾਰਵਾਂ ਵਰਾ ਸੀ, ਜਿਸਨੂੰ ਬੜੀ ਸ਼ਿੱਦਤ ਦੇ ਨਾਲ ਸ੍ਰੀ ਭੈਣੀ ਸਾਹਿਬ ਵਿਖੇ 15,16,17 ਨਵੰਬਰ ਨੂੰ ਕਰਵਾਇਆ ਗਿਆ।

ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਹੋਏ 12ਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਲਈ ਪੇਸ਼ਕਾਰੀ ਕਰਨ ਵਾਲੇ ਭਾਰਤ ਭਰ ਤੋਂ ਸੁ ਪ੍ਰਸਿੱਧ ਕਲਾਕਾਰਾਂ ਨੂੰ ਚੁਣਿਆ ਗਿਆ, ਜੋ ਕਿ ਇਸ ਸੰਗੀਤ ਸੰਮੇਲਨ ਦਾ ਅਹਿਮ ਕੰਮ ਹੈ। ਕਿਉਂਕਿ ਪਿਛਲੇ 12 ਵਰ੍ਹਿਆ ਤੋਂ ਚਲ ਰਹੀ ਇਸ ਲੜੀ ਦਾ ਮਿਆਰ ਬਹੁਤ ਉੱਚਾ ਹੋ ਚੁੱਕਾ ਹੈ ਅਤੇ ਉਸ ਨੂੰ ਬਰਕਰਾਰ ਰਖਣਾ ਕਲਾਕਾਰਾਂ ਦੀ ਚੋਣ ਤੇ ਹੀ ਨਿਰਭਰ ਕਰਦਾ ਹੈ। ਇਸ ਵਾਰ ਵੀ ਪ੍ਰਬੰਧਕੀ ਵਰਗ ਚੋਣ ਕਰਨ ਚ ਉਸ ਮਿਆਰ ਨੂੰ ਬਰਕਰਾਰ ਰੱਖਣ ਚ ਸਫਲ ਰਿਹਾ। ਫਿਰ ਉਸਤੋਂ ਅਗਲਾ ਕਾਰਜ ਉਹਨਾਂ ਕਲਾਕਾਰਾਂ ਨਾਲ ਰਾਫਤਾ ਕਾਇਮ ਕਰਨਾ, ਉਹਨਾਂ ਦੇ ਆਉਣ ਜਾਣ ਦਾ ਰਹਿਣ ਦਾ ਪ੍ਰਬੰਧ ਕਰਨਾ ਸੀ। ਇਹਨਾਂ ਸਾਰੇ ਕਾਰਜਾਂ ਨੂੰ ਸਤਿਗੁਰੂ ਜੀ ਦੀ ਰਹਿਨੁਮਾਈ ਅਤੇ ਜਾਣਕਾਰੀ ਚ ਰੱਖਦਿਆਂ ਸ੍ਰੀ ਬਲਵੰਤ ਸਿੰਘ ਜੀ ਆਸਾ ਸਿੰਘ ਸੇਵਕ ਕਰਤਾਰ ਸਿੰਘ ਅਤੇ ਉਹਨਾਂ ਦੇ ਸਾਥੀਆਂ ਨੇ ਲਗਨ ਨਾਲ ਕੀਤਾ।

ਉਸਤੋਂ ਬਾਅਦ ਕਰਨਪਾਲ ਸਿੰਘ ਦੀ ਸਾਰੀ ਟੀਮ ਇਸਦੇ ਪ੍ਰਚਾਰ ਪ੍ਰਸਾਰ ਚ ਲਗ ਗਈ, ਸੱਦੇ ਪੱਤਰ ਤਿਆਰ ਕੀਤੇ ਗਏ, ਪ੍ਰਿੰਟ ਮੀਡੀਆ ਰਾਹੀ ਅਤੇ ਪੋਸਟਰਾਂ ਰਾਹੀ 12 ਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦਾ ਬੜੀ ਮਿਹਨਤ ਨਾਲ ਪ੍ਰਚਾਰ ਪ੍ਰਸਾਰ ਕੀਤਾ ਗਿਆ, ਵਿਸ਼ੇਸ਼ ਹਸਤੀਆਂ ਨੂੰ ਸੱਦੇ ਦਿੱਤੇ ਗਏ ਬਹੁਤ ਸਾਰੀਆਂ ਥਾਵਾਂ ਤੇ ਫਲੈਕਸ ਲਗਾਏ ਗਏ। ਖਾਸ ਕਰਕੇ ਭੈਣੀ ਸਾਹਿਬ ਲੁਧਿਆਣਾ ਚੰਡੀਗੜ੍ਹ ਵਿਖੇ। ਪ੍ਰਤਾਪ ਮੰਦਰ ਦੇ ਮੰਚ ਨੂੰ ਸਜਾਇਆ ਗਿਆ ਸ੍ਰੀ ਭੈਣੀ ਸਾਹਿਬ ਦਾ ਚੌਗਿਰਦਾ ਸਿੰਗਾਰਿਆ ਅਤੇ ਸਵਾਰਿਆ ਗਿਆ। 14 ਅਤੇ 15 ਤਰੀਕ ਨੂੰ ਹੀ ਕਲਾਕਾਰਾਂ, ਉਹਨਾਂ ਦੇ ਸਾਥੀਆਂ ਅਤੇ ਵਿਸ਼ੇਸ਼ ਵਿਦਿਆਰਥੀਆਂ ਦਾ ਆਉਣ ਜਾਣ ਸ਼ੁਰੂ ਹੋ ਗਿਆ। ਜਿੰਨਾ ਨੂੰ ਰੇਲਵੇ ਅਤੇ ਹਵਾਈ ਅੱਡੇ ਤੋਂ ਲੈ ਕੇ ਆਉਣ ਦੀ ਜਿਸ ਜਿਸ ਦੀ ਜ਼ਿੰਮੇਵਾਰੀ ਲੱਗੀ ਉਸਨੇ ਆਪਣੀ ਸੇਵਾ ਨਿਭਾਈ ਅਤੇ ਉਹਨਾਂ ਦੇ ਡੇਰੇ ਪਹਿਲੋਂ ਤੋਂ ਨਿਸਚਿਤ ਕੀਤੇ ਸਥਾਨ ਤੇ ਲਗਾਏ ਗਏ। ਆਓ ਭਗਤ ਵਾਲੇ ਲੰਗਰ ਵਾਲੇ ਗਰੀਨ ਰੂਮ ਚ ਸੇਵਾ ਕਰਨ ਵਾਲੇ ਅਤੇ ਮੰਚ ਸੰਚਾਲਨ ਕਰਨ ਵਾਲੇ ਸਾਰੇ ਸੇਵਾਦਾਰਾਂ ਦੀ ਨਿਯੁਕਤੀ ਕੀਤੀ ਗਈ ਅਤੇ ਯੋਜਨਾ ਵੱਧ ਤਰੀਕੇ ਨਾਲ ਇੱਕ ਸਫਲ ਆਯੋਜਨ ਲਈ ਸਭ ਤਿਆਰ ਬਰ ਤਿਆਰ ਹੋ ਗਏ।

ਮਿਤੀ 15 ਨਵੰਬਰ 2024 ਦਿਨ ਸ਼ੁਕਰਵਾਰ ਸ਼ਾਮ ਪੰਜ ਵਜੇ ਤੋਂ ਬਾਰਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦਾ ਪ੍ਰਾਰੰਭ ਹੋਇਆ, ਨਾਮਧਾਰੀ ਸੰਗਤਾਂ ਤੋਂ ਇਲਾਵਾ ਦੇਸ਼ ਭਰ ਤੋਂ ਸੰਗੀਤ ਦੇ ਚਾਹਵਾਨ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਨਾਮ ਤੇ ਸਥਾਪਿਤ ਪ੍ਰਤਾਪ ਮੰਦਰ ਸਜੀ ਰੌਣਕ ਦਾ ਹਿੱਸਾ ਬਣੇ, ਨਿਮਰਤਾ ਦੇ ਪੁੰਜ ਹਾਜ਼ਰਾ ਹਜ਼ੂਰ ਸਤਿਗੁਰੂ ਜੀ ਪ੍ਰੋਗਰਾਮ ਦੇ ਆਰੰਭ ਤੋਂ ਪਹਿਲਾਂ ਹੀ ਪ੍ਰਬੰਧਕਾਂ ਅਤੇ ਨਵੇਂ ਕਲਾਕਾਰਾਂ ਨੂੰ ਪਰੋਤਸਾਹਿਤ ਕਰਨ ਲਈ ਆਣ ਪੁੱਜੇ । ਬਾਰਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੇ ਮੰਚ ਤੋਂ ਸਭ ਤੋਂ ਪਹਿਲਾ ਸਤਿਗੁਰੂ ਜਗਜੀਤ ਸਿੰਘ ਜੀ ਦੇ ਹਜ਼ੂਰ ਸੇਵਕ ਰਹੇ ਸ੍ਰੀ ਹਰਪਾਲ ਸਿੰਘ ਸੇਵਕ ਨੇ ਆਪਣੇ ਵਿਚਾਰ ਸਾਂਝੇ ਕਰਦਿਆਂ ਦੱਸਿਆ ਕਿ ਸੰਗੀਤ ਦਾ ਸਿੱਖ ਜਗਤ ਵਿੱਚ ਕਿ ਸਥਾਨ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਦੁਆਰਾ ਰਚੀ ਸੰਗੀਤ ਪਦ ਗੁਰਬਾਈ ਦਾ ਜ਼ਿਕਰ ਕੀਤਾ। ਰਬਾਬ ਦਾ ਜ਼ਿਕਰ ਕੀਤਾ ਰਬਾਬੀ ਮਰਦਾਨੇ ਦਾ ਜਿਕਰ ਕੀਤਾ, ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਚ ਉਹਨਾਂ ਦੇ ਦੌਰਿਆਂ ਦੇ ਵਿੱਚ ਕੀਰਤਨ ਕਰਨ ਵਾਲੇ ਰਬਾਬੀਆਂ ਦਾ ਵਿਰਤਾਂਤ ਸੁਣਾਇਆ, ਹੋਰ ਉਨਾਂ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਨਾਲ ਕਿਸ ਤਰ੍ਹਾਂ ਇੱਕ ਮਿਕ ਸਨ ਅਤੇ ਉਨਾਂ ਉਹਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤਕ ਪੱਖ ਦੇ ਹਰ ਇੱਕ ਪਹਿਲੂ ’ਤੇ ਚਾਨਣਾ ਪਾਇਆ। ਭਾਰਤ ਦੇ ਸੰਗੀਤ ਕਲਾਕਾਰਾਂ ਨਾਲ ਸਤਿਗੁਰੂ ਜੀ ਦੀ ਸਾਂਝ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਕਿਸ ਤਰ੍ਹਾਂ ਸਤਿਗੁਰੂ ਜੀ ਨੇ ਨਾਮਧਾਰੀ ਸਮਾਜ ਨੂੰ ਸੰਗੀਤ ਦੀ ਦਾਤ ਬਖਸ਼ੀ। ਇਹਨਾਂ ਸ਼ਬਦਾਂ ਦੇ ਨਾਲ ਉਨਾਂ ਆਈ ਹੋਈ ਸਾਰੀ ਸਾਧ ਸੰਗਤ ਨੂੰ ਜੀ ਆਇਆ ਆਖਿਆ, ਉਪਰੰਤ ਮੰਚ ਚ ਸੰਚਾਲਕ ਬੀਬੀ ਨੇ ਪਹਿਲੇ ਕਲਾਕਾਰ ਦਾ ਤਵਾਰੁਖ ਕਰਾਇਆ, ਬਾਰਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਵਿੱਚ ਪਹਿਲੀ ਪ੍ਰਸਤੁਤੀ ਸ੍ਰੀ ਬਸੰਤ ਸਿੰਘ ਨੇ ਦਿੱਤੀ, ਸ੍ਰੀ ਬਸੰਤ ਸਿੰਘ ਨਾਮਧਾਰੀ ਯੁਵਾ ਤਬਲਾ ਵਾਦਕਾਂ ਵਿੱਚੋਂ ਇੱਕ ਨਵੇਂ ਉਭਰਦੇ ਕਲਾਕਾਰ ਹਨ। ਜਿਨ੍ਹਾਂ ਨੇ ਮਾਤਰ 11 ਸਾਲ ਦੀ ਉਮਰ ਤੋਂ ਤਬਲਾ ਵਾਦਨ ਦੀ ਤਾਲੀਮ ਸ੍ਰੀ ਰਾਜੀਵ ਝਾਂ ਜੀ ਪਾਸੋਂ ਹਾਸਲ ਕੀਤੀ ਅਤੇ ਉਪਰੰਤ ਉਸਤਾਦ ਫਿਆਜ਼ ਖਾਂ ਸਾਹਿਬ ਦੇ ਭਾਣਜੇ ਉਸਤਾਦ ਸ਼ਮੀਮ ਅਹਿਮਦ ਖਾਂ ਸਾਹਿਬ ਜੀ ਪਾਸੋਂ

ਇਸ ਕਲਾ ਨੂੰ ਹੋਰ ਨਿਖਾਰਿਆ।

ਸ੍ਰੀ ਬਸੰਤ ਸਿੰਘ ਨੂੰ ਪੰਡਿਤ ਰਾਜੇਸ ਮਾਲਵੀਆ ਜੀ ਅਤੇ ਉਸਤਾਦ ਹਰਪ੍ਰੀਤ ਸਿੰਘ ਜੀ ਦਾ ਵੀ ਖਾਸ ਅਸੀਰਵਾਦ ਪ੍ਰਾਪਤ ਹੈ। ਮੌਜੂਦਾ ਸਮੇਂ 'ਚ ਤਬਲਾ ਸਮਰਾਟ ਤਾਲ ਰਿਸ਼ੀ ਪੰਡਿਤ ਸ੍ਰੀ ਆਨੰਦ ਚਟਰਜੀ ਦੇ ਮਾਰਗਦਰਸ਼ਨ ਹੇਠ ਇਸ ਕਲਾ ਨੂੰ ਹੋਰ ਨਿਖਾਰ ਰਹੇ ਹਨ। ਇਹਨਾਂ ਨਾਲ ਹਾਰਮੋਨੀਅਮ ਤੇ ਸੰਗਤ ਲਈ ਮੰਚ ਤੇ ਪਧਾਰੇ ਸ੍ਰੀ ਸੁਮਿਤ ਮਿਸ਼ਰਾ ਜੀ ਜੋ ਕਿ ਬਨਾਰਸ ਦੇ ਸੰਗੀਤਕ ਪਰਿਵਾਰ ਨਾਲ ਸਬੰਧ ਰੱਖਣ ਵਾਲੇ ਹਨ। ਇਹਨਾਂ ਨੇ ਆਪਣੀ ਤਾਲੀਮ ਆਪਣੇ ਗੁਰੂ ਪੰਡਿਤ ਮੋਹਨ ਲਾਲ ਮਿਸ਼ਰਾ ਜੀ ਪਾਸੋਂ ਆਰੰਭ ਕੀਤੀ ਅਤੇ ਪਦਮ ਭੂਸ਼ਣ ਪੰਡਿਤ ਰਾਜਨ ਸਾਜਨ ਮਿਸਰਾ ਜੀ ਦੇ ਮਾਰਗ ਦਰਸ਼ਨ ਹੇਠ ਇਸ ਨੂੰ ਹੋਰ ਨਿਖਾਰਿਆ। ਇਹਨਾਂ ਨੂੰ ਸ਼ਾਸਤਰੀ ਸੰਗੀਤ ਜਗਤ ਦੇ ਅਨੇਕਾਂ ਉਚ ਕੋਟੀ ਦੇ ਕਲਾਕਾਰਾਂ ਨਾਲ ਸੰਗਤ ਕਰਨ ਦਾ ਮਾਣ ਪ੍ਰਾਪਤ ਹੈ। ਇਹ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ ਏ ਗਰੇਡ ਆਰਟਿਸਟ ਹਨ । ਬਸੰਤ ਸਿੰਘ ਨੇ ਬਾਖੂਬੀ ਆਪਣੇ ਹੁਨਰ ਦੇ ਜੌਹਰ ਵਿਖਾਏ ਉਸਦੀ ਖੂਬਸੂਰਤ ਪੇਸ਼ਕਾਰੀ ਬਾਅਦ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਦੋਵਾਂ ਕਲਾਕਾਰਾਂ ਨੂੰ ਸਿਰੋ ਪਾਓ ਦੀ ਕੇ ਨਿਵਾਜ਼ਿਆ।

ਉਪਰੰਤ ਰਤਨਾ ਮਾਲਵੀਆ ਅਤੇ ਗੁਣਵੰਤ ਕੌਰ ਨੇ ਅੱਜ ਦੀ ਦੂਸਰੀ ਪੇਸਕਾਰੀ ਦੇਣ ਵਾਲੇ ਕਲਾਕਾਰਾਂ ਸਿਤਾਰ ਵਾਦਕ ਸ੍ਰੀ ਸ਼ਾਕਿਰ ਖਾਂ ਅਤੇ ਤਬਲਾ ਵਾਦਕ ਹਰਨਾਮ ਸਿੰਘ ਨਾਮਧਾਰੀ ਨੂੰ ਮੰਚ ਤੇ ਸੱਦਾ ਦਿੰਦਿਆ ਉਹਨਾਂ ਦਾ ਪਰਿਚਯ ਦਿੱਤਾ, ਇਟਾਵਾ ਘਰਾਣੇ ਦੇ ਸਿਰਮੌਰ ਸਿਤਾਰ ਵਾਦਕ ਪਦਮ ਸ੍ਰੀ ਉਸਤਾਦ ਸ਼ਾਹਿਦ ਪਰਵੇਜ਼ ਖਾਨ ਸਾਹਿਬ ਦੇ ਹੋਣਹਾਰ ਸਪੁੱਤਰ ਅਤੇ ਸ਼ਾਗਿਰਦ ਸ੍ਰੀ ਸ਼ਾਕਿਰ ਖਾਨ ਜੋ ਕਿ ਭਾਰਤ ਦੇ ਨਵੇਂ ਉਭਰਦੇ ਯੁਵਾ ਕਲਾਕਾਰਾਂ ਵਿੱਚੋਂ ਇੱਕ ਹਨ, ਉਸਤਾਦ ਅਜ਼ੀਜ਼ ਖਾਂ ਸਾਹਿਬ ਉਸਤਾਦ ਵਹੀਦ ਖਾਂ ਸਾਹਿਬ ਅਤੇ ਉਸਤਾਦ ਵਲਾਇਤ ਖਾਨ ਸਾਹਿਬ ਦੀ ਸੰਗੀਤਕ ਧਰੋਹਰ ਨੂੰ ਸਾਂਭ ਰੱਖਣ ਵਾਲੇ ਸ੍ਰੀ ਸ਼ਾਕਿਰ ਖਾਂ ਇਟਾਵਾ ਘਰਾਨੇ ਦੀ ਅੱਠਵੀਂ ਪੀੜ੍ਹੀ ਹਨ। ਮਾਤਰ 11 ਸਾਲ ਦੀ ਉਮਰ ਵਿੱਚ ਆਪਣੀ ਪਹਿਲੀ ਪੇਸ਼ਕਾਰੀ ਦੇਣ ਵਾਲੇ ਸ਼ਾਕਿਰ ਖਾਂ ਦੁਨੀਆਂ ਭਰ ਵਿੱਚ ਸੰਗੀਤ ਪ੍ਰੇਮੀਆਂ ਦੇ ਦਿਲਾਂ ਵਿੱਚ ਥਾਂ ਬਣਾ ਚੁੱਕੇ ਹਨ।

ਇਹਨਾਂ ਨਾਲ ਤਬਲੇ 'ਤੇ ਸੰਗਤ ਕਰਨ ਵਾਲੇ ਸ੍ਰੀ ਹਰਨਾਮ ਸਿੰਘ ਨਾਮਧਾਰੀ ਉੱਗੇ ਤਬਲਾ ਵਾਦਕ ਉਸਤਾਦ ਹਰਪ੍ਰੀਤ ਸਿੰਘ ਨਾਮਧਾਰੀ ਦੇ ਹੋਣਹਾਰ ਸਪੁੱਤਰ ਅਤੇ ਸ਼ਾਗਿਰਦ ਹਨ ਜਿਨਾਂ ਨੂੰ ਸੰਗੀਤ ਵਿਰਾਸਤ ਵਿੱਚ ਮਿਲਿਆ ਇਹਨਾਂ ਨੇ ਆਪਣੀ ਮੁਢਲੀ ਵਿੱਦਿਆ ਪੰਡਿਤ ਰਾਜੇਸ਼ ਮਾਲਵੀਆ ਜੀ ਪਾਸੋਂ ਸ੍ਰੀ ਭੈਣੀ ਸਾਹਿਬ ਵਿਖੇ ਸ਼ੁਰੂ ਕੀਤੀ। ਬਹੁਤ ਛੋਟੀ ਉਮਰ ਤੋਂ ਇਸ ਕਲਾ ਨਾਲ ਜੁੜੇ ਹਰਨਾਮ ਸਿੰਘ ਜੀ ਹੁਣ ਤੱਕ ਕਈ ਨਾਮਵਾਰ ਸੰਗੀਤ ਸੰਮੇਲਨਾ ਵਿੱਚ ਸ਼ਿਰਕਤ ਕਰ ਚੁੱਕੇ ਹਨ। ਮੌਜੂਦਾ ਸਮੇਂ ਚ ਆਪ ਜੀ ਸ੍ਰੀ ਭੈਣੀ ਸਾਹਿਬ ਵਿਖੇ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਦੇ ਤੌਰ ਤੇ ਸੇਵਾ ਨਿਭਾ ਰਹੇ ਹਨ। ਇਹਨਾਂ ਦੀ ਪ੍ਰਸਤੁਤੀ ਤੋਂ ਪਹਿਲਾਂ ਜੋਤ ਪ੍ਰਜਵਲਿਤ ਕਰਨ ਦੀ ਰਸਮ ਕੀਤੀ ਗਈ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਨਾਲ ਨਾਲ ਸ੍ਰੀਮਾਨ ਹੰਸਪਾਲ ਜੀ ਸੂਬਾ ਰੇਸ਼ਮ ਸਿੰਘ ਜੀ ਸ੍ਰੀ ਰਣਜੀਤ ਸਿੰਘ ਜੀ( ਜੋ ਕਿ ਪਿਛਲੇ 12 ਸਾਲਾਂ ਤੋਂ ਇਸ ਸੰਗੀਤ ਸੰਮੇਲਨ ਦੀ ਮਾਇਕ ਸੇਵਾ ਨਿਭਾ ਰਹੇ ਹਨ) ਸ੍ਰੀ ਤਰਸੇਮ ਚੰਦ ਜੀ ਗੁਰਪਾਲ ਸਿੰਘ ਵਿੱਕੀ, ਸ੍ਰੀ ਬਲਵੰਤ ਸਿੰਘ ਜੀ ਅਤੇ ਅੱਜ ਦੇ ਮੁੱਖ ਕਲਾਕਾਰ ਸ੍ਰੀ ਸ਼ਾਕਿਰ ਖਾਨ ਸਾਹਿਬ ਨੇ ਜੋਤ ਪ੍ਰਜਵਲਤ ਕੀਤੀ। ਸ੍ਰੀ ਸ਼ਾਕਿਰ ਖਾਂ ਸਾਹਿਬ ਦੀ ਪੇਸ਼ਕਾਰੀ ਵਿਚ ਉਸਤਾਦ ਵਿਲਾਇਤ ਖਾਂ ਸਾਹਿਬ ਦੇ ਸਿਤਾਰ ਵਾਦਨ ਦੀ ਝਲਕ ਦਿਸ ਰਹੀ ਸੀ। ਸੰਗਤਕਾਰ ਹਰਨਾਮ ਸਿੰਘ ਨੇ ਪਿਤਾ ਪੁਰਖੀ ਤਾਲੀਮ ਦੇ ਜੌਹਰ ਵਿਖਾਏ। ਸਤਿਗੁਰੂ ਜੀ ਪਾਸੋਂ ਦੋਹਾਂ ਕਲਾਕਾਰਾਂ ਨੂੰ ਸਿਰੋਪਾਓ ਅਤੇ ਅਸ਼ੀਰਵਾਦ ਪ੍ਰਾਪਤ ਹੋਇਆ, ਉਪਰੰਤ ਰਤਨਾ ਮਾਲਵੀਆ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਮਈ ਛੱਬ ਨੂੰ ਅਕੀਦਤ ਭੇਟ ਕਰਦੀਆਂ ਖੂਬਸੂਰਤ ਸਤਰਾਂ ਪੜ ਅੱਜ ਦੀ ਆਖਰੀ ਪੇਸਕਾਰੀ ਲਈ ਸ਼ਾਸਤਰੀ ਸੰਗੀਤ ਗਾਇਕ ਸ੍ਰੀ ਰਿਤੇਸ਼ ਮਿਸ਼ਰਾ ਅਤੇ ਸ੍ਰੀ ਰਜਨੀਸ਼ ਮਿਸਰਾ ਜੀ, ਤਬਲਾ ਵਾਦਕ ਅਜੇ ਪਾਲ ਨਾਮਧਾਰੀ ਨੂੰ ਮੰਚ ਤੇ ਸੱਦਾ ਦਿੱਤਾ ਅਤੇ ਇਹਨਾਂ ਕਲਾਕਾਰਾਂ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।

ਬਨਾਰਸ ਘਰਾਨੇ ਦੇ ਸਿਰਮੌਰ ਗਾਇਕ ਪਦਮ ਭੂਸ਼ਣ ਪੰਡਿਤ ਰਾਜਨ ਮਿਸਰਾ ਜੀ ਦੇ ਹੋਣਹਾਰ ਸਪੁੱਤਰ ਅਤੇ ਸ਼ਾਗਿਰਦ ਸ੍ਰੀ ਰਿਤੇਸ਼ ਅਤੇ ਰਜਨੀਸ਼ ਮਿਸ਼ਰਾ ਭਾਰਤ ਦੇ ਸਿਰਮੌਰ ਯੁਵਾਕਰਾਂ ਵਿੱਚੋਂ ਇੱਕ ਹਨ, ਇਹਨਾਂ ਨੇ ਆਪਣੇ ਦਾਦਾ ਗੁਰੂ ਪੰਡਿਤ ਹਨੂਮਾਨ ਪ੍ਰਸਾਦ ਮਿਸ਼ਰਾ ਅਤੇ ਪੰਡਿਤ ਗੋਪਾਲ ਮਿਸ਼ਰਾ ਜੀ ਪਾਸੋਂ ਆਪਣੇ ਸੰਗੀਤਕ ਸਫਰ ਦੀ ਸ਼ੁਰੂਆਤ ਕੀਤੀ। ਸ੍ਰੀ ਰਿਤੇਸ਼ ਅਤੇ ਰਜਨੀਸ਼ ਮਿਸ਼ਰਾ ਆਲ ਇੰਡੀਆ ਰੇਡੀਓ ਅਤੇ ਦੂਰਦਰਸ਼ਨ ਦੇ ਗਰੇਟ ਆਰਟਿਸਟ ਹਨ ਇਹ ਦੋਵੇਂ ਕਲਾਕਾਰ ਦੇਸ਼ਾਂ ਵਿਦੇਸ਼ਾਂ ਵਿੱਚ ਹੁਣ ਤੱਕ ਅਨੇਕਾਂ ਹੀ ਸੰਗੀਤ ਸੰਮੇਲਨਾ ਵਿੱਚ ਆਪਣੀ ਕਲਾ ਦੇ ਜੌਹਰ

ਦਿਖਾ ਚੁੱਕੇ ਹਨ। ਇਹਨਾਂ ਦੀ ਐਲਬਮ ਨੂੰ ਅਵਾਰਡ ਲਈ ਚੋਣ ਕੀਤਾ ਗਿਆ ਹੈ।

ਇਹਨਾਂ ਨਾਲ ਤਬਲੇ ਤੇ ਸੰਗਤ ਕਰਨ ਵਾਲੇ ਅਜੇ ਪਾਲ ਨਾਮਧਾਰੀ ਜੋ ਕਿ ਵਿਸ਼ਵ ਵਿਖਿਆਤ ਤਬਲਾ ਵਾਦਕ ਪੰਡਿਤ ਯੋਗੇਸ਼ ਸਮਸੀ ਜੀ ਅਤੇ ਪੰਡਿਤ ਕੁਮਾਰ ਬੋਸ ਜੀ ਦੇ ਸ਼ਾਗਿਰਦ ਹਨ ਇੱਕ ਬਹੁਤ ਹੀ ਹੋਣਹਾਰ ਅਤੇ ਪ੍ਰਤਿਭਾਸ਼ਾਲੀ ਕਲਾਕਾਰ ਹਨ ਸੰਗੀਤਕ ਪਰਿਵਾਰ ਵਿੱਚ ਜਨਮੇ ਸ੍ਰੀ ਅਜੇਪਾਲ ਜੀ ਨੂੰ ਸੰਗੀਤ ਵਿਰਾਸਤ ਵਿੱਚ ਮਿਲਿਆ ਹੈ ਆਪ ਸ੍ਰੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਬਤੌਰ ਹਜ਼ੂਰੀ ਰਾਗੀ ਸੇਵਾ ਨਿਭਾ ਰਹੇ ਹਨ। ਅੱਜ ਦੀ ਅਖੀਰਲੀ ਪੇਸ਼ਕਾਰੀ ਵਿੱਚ ਹਰਮੋਨੀਅਮ ਤੇ ਸੇਵਾ ਫਿਰ ਤੋਂ ਸ੍ਰੀ ਸੁਮਿਤ ਮਿਸ਼ਰਾ ਜੀ ਨੇ ਨਿਭਾਈ ਜਿਨਾ ਬਾਰੇ ਉਪਰ ਲਿਖ ਚੁੱਕੇ ਹਾਂ। ਆਪਣੀ ਪੇਸਕਾਰੀ ਸ਼ੁਰੂ ਕਰਨ ਤੋਂ ਪਹਿਲਾਂ ਰਿਤੇਸ਼ ਜੀ ਨੇ ਬੜੀ ਸ਼ਰਧਾ ਨਾਲ ਸੰਬੋਧਨ ਕਰਦਿਆਂ ਆਖਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ ਇੱਕ ਤੇ ਤਿਉਹਾਰ ਵਰਗਾ ਹੈ ਤੇ ਇਸ ਦੇ ਵਿੱਚ ਆਉਣਾ ਸਾਡੇ ਵਾਸਤੇ ਸੁਭਾਗ ਵਾਲੀ ਗੱਲ ਹੈ ਉਹਨਾਂ ਇਹ ਵੀ ਆਖਿਆ ਕਿ ਅਸੀ ਇੱਥੇ ਬਚਪਨ ਤੋਂ ਆ ਰਹੇ ਹਾਂ ਤੇ ਇੱਥੇ ਆ ਕੇ ਇੰਝ ਲੱਗਦਾ ਹੈ ਕਿ ਅਸੀ ਆਪਣੇ ਹੀ ਘਰ ਆਏ ਹਾਂ, ਉਹਨਾਂ ਨੇ ਸਭ ਤੋਂ ਪਹਿਲਾਂ ਰਾਗ ਨਾਇਕੀ ਕਾਨੜਾ ਵਿਲੰਬਿਤ ਲੈ ਇੱਕ ਤਾਲ ਵਿੱਚ ਖੂਬਸੂਰਤ ਰਚਨਾ ਨਾਲ ਆਪਣੀ ਪੇਸ਼ਕਾਰੀ ਸ਼ੁਰੂ ਕੀਤੀ ਜਿਸਦੇ ਬੋਲ ਸਨ ਬਨੇਰਾ ਮੇਰਾ ਪਿਆਰਾ ਛੈਲ ਛਬੀਲਾ ਰੰਗੀਲਾ ਬਨੇਰਾ ਮੇਰਾ ਪਿਆਰਾ, ਇਸ ਤੋਂ ਬਾਅਦ ਬਾਅਦ ਇਕ ਪਰੰਪਰਾਗਤ ਬੰਦਿਸ ਧਰੁਤ ਲੈ ਤੀਨ ਤਾਲ 'ਚ ਪਖੇਰੂਆ ਰੇ ਏ ਮਾਈ ਜੰਗਲ, ਅਤੇ ਉਸ ਤੋਂ ਬਾਅਦ ਧਰੂਤ ਲੈਅ ਤਿੰਨ ਤਾਲ ਵਿਚ ਪੰਡਿਤ ਰਾਜਨ ਮਿਸ਼ਰਾ ਜੀ ਦੀ ਇੱਕ ਬੰਧਿਸ਼ ਸਜਨ ਬਿਨ ਭਈ ਨਿਰਾਸ ਹੂੰ ਕਹੂ ਸਖੀ ਕਿਹ ਬਿਧ ਪਾਓ ਦਰਸ। ਇਸ ਬੰਦਿਸ਼ ਉਪਰੰਤ ਰਿਤੇਸ਼ ਜੀ ਨੇ ਆਖਿਆ ਕਿ ਮੰਚ ਤੇ ਸਤਿਗੁਰੂ ਸੱਚੇ ਪਾਤਸ਼ਾਹ ਜੀ ਬੈਠੇ ਹਨ ਜਿਨਾਂ ਤੋਂ ਸਾਨੂੰ ਉਰਜਾ ਮਿਲਦੀ ਹੈ ਜਿਸ ਕਰਕੇ ਅਸੀ ਇਹ ਥੋੜਾ ਬਹੁਤ ਗਾ ਸਕੇ। ਉਪਰੰਤ ਉਹਨਾਂ ਇੱਕ ਬੰਦਸ਼ ਹੋਰ ਸੁਝਾਈ ਸੁਨਿ ਸੇਜਿਆ ਨਹੀ ਭਾਵੈ ਜਬ ਸੇ ਪੀਆ ਪਰਦੇਸ ਗਏ, ਉਪਰੰਤ ਉਨਾਂ ਇੱਕ ਤਰਾਨਾ ਗਾਇਆ ਰਾਗੁ ਜੈ ਜੈਵੰਤੀ ਚ ਜਿਸ ਦੇ ਬਾਰੇ ਉਹਨਾਂ ਦੱਸਿਆ ਕਿ ਉਹਨਾਂ ਦੇ ਪਿਤਾ ਜਿੰਨੇ ਇੱਕ ਪ੍ਰੋਗਰਾਮ ਦੌਰਾਨ ਗਰੀਨ ਰੂਮ ਬੈਠੇ ਬੈਠੇ ਜਿਸਦੀ ਅਸਥਾਈ ਬਣਾਈ ਅਤੇ ਮੰਚ ਤੇ ਗਾਉਂਦਿਆਂ ਅੰਤਰਾ ਬਣਾਇਆ। ਅਖੀਰ ਵਿੱਚ ਉਹਨਾਂ ਨੇ ਇੱਕ ਭਜਨ ਸੁਣਾਇਆ ਜਗਤ ਮੈ ਝੂਠੀ ਦੇਖੀ ਪ੍ਰੀਤ, ਮਿਸ਼ਰਾ ਬੰਧੂਆਂ ਦੀ ਇਸ ਖੂਬਸੂਰਤ ਪ੍ਰਸਤੁਤੀ ਲਈ ਮੰਚ ਸੰਚਾਲਕ ਰਤਨਾ ਮਾਲਵੀਆਂ ਨੇ ਬਹੁਤ ਠੀਕ ਆਖਿਆ

ਇਹ ਧਰਤੀ ਇਹ ਆਕਾਸ਼ ਓਹੀ ਹੈ, ਸੁਰ ਓਹੀ ਨੇ ਸਾਜ਼ ਉਹੀ ਹੈ, ਮਸਤੀ ਦਾ ਆਲਮ ਓਹੀ ਹੈ, ਪਰਵਾਜ਼ ਓਹੀ ਹੈ, ਮੰਚ ਤੇ ਸੁਭਾਇਮਾਨ ਸ੍ਰੀ ਹਜ਼ੂਰ ਸਤਿਗੁਰੂ ਜੀ ਅਤੇ ਉਹਨਾਂ ਦੇ ਸਨਮੁੱਖ ਮਿਸ਼ਰਾ ਬੰਧੂਆ ਦੀ ਅੱਜ ਦੀ ਖੂਬਸੂਰਤ ਪੇਸ਼ਕਾਰੀ ਅਤੀਤ ਵਿੱਚ ਲੈਅ ਜਾਣ ਵਾਲੀ ਸੀ, ਜਦੋਂ ਪੰਡਿਤ ਰਾਜਨ ਅਤੇ ਸਾਜਨ ਮਿਸਰਾ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਗਾਇਨ ਕਰਿਆ ਕਰਦੇ ਸਨ। ਸਤਿਗੁਰੂ ਜੀ ਨੇ ਸਾਰੇ ਕਲਾਕਾਰਾਂ ਨੂੰ ਸਿਰ ਪਾਓ ਦੇਣ ਦੀ ਬਖ਼ਸ਼ਿਸ਼ ਕੀਤੀ ਅਤੇ ਸਾਰੇ ਕਲਾਕਾਰਾਂ ਨਾਲ ਤਸਵੀਰਾਂ ਹੋਈਆਂ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਹੇਠ ਲਾਂਗਰੀ ਵਰਿਆਮ ਸਿੰਘ ਅਤੇ ਰਣਜੀਤ ਸਿੰਘ ਦੇ ਤਿਆਰ ਕੀਤੇ ਵਿਅੰਜਨ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਵਿਖੇ ਮਹਿਮਾਨ ਕਲਾਕਾਰਾਂ ਲਈ ਪਰੋਸੇ ਗਏ। ਇਸ ਤਰ੍ਹਾਂ 12ਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਪਹਿਲੀ ਸ਼ਾਮ ਬੜੇ ਉੱਚੇ ਮਿਆਰ ਤੇ ਪੁੱਜ ਕੇ ਸਮਾਪਤ ਹੋਈ।

ਮਿਤੀ 16 ਨਵੰਬਰ 2024 ਭੈਈ ਸਾਹਿਬ ਦੇ ਆਵਾਮੰਡਲ ਚ ਇੱਕ ਵੱਖਰਾ ਹੀ ਵਾਤਾਵਰਨ ਇੱਕ ਇੱਕ ਅਲੌਕਿਕਤਾ ਦਾ ਅਨੁਭਵ ਕਰਵਾ ਰਿਹਾ ਸੀ ਜਿੱਥੇ ਹਜੂਰ ਸ੍ਰੀ ਸਤਿਗੁਰੂ ਜੀ ਦੀ ਪਾਵਨ ਉਪਸਥਿਤੀ ਸ੍ਰੀ ਭੈਣੀ ਸਾਹਿਬ ਨੂੰ ਸੁਹਾਵਣਾ ਬਣਾਉਦੀ ਹੈ। ਉੱਥੇ ਹੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦਾ ਇਹ ਉਤਸਵ, ਅਤੇ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿੱਤ ਚੱਲ ਰਹੇ 11 ਹਜ਼ਾਰ ਪਾਠਾਂ ਦੀ ਭੋਗ ਸਮਾਗਮ ਕਰਕੇ ਵੀ ਵੱਡੀ ਗਿਣਤੀ ਵਿੱਚ ਸੰਗਤ ਸ੍ਰੀ ਭੈਣੀ ਸਾਹਿਬ ਪਹੁੰਚੀ ਹੋਈ ਸੀ । ਪ੍ਰਤਾਪ ਮੰਦਰ ਦਾ ਹਾਲ ਸ਼ਾਮ 5 ਵਜੇ ਸੰਗੀਤ ਸਰੋਤਿਆਂ ਦੀ ਆਮਦ ਦੇ ਨਾਲ ਭਰ ਗਿਆ। ਸ੍ਰੀ ਬਲਵੰਤ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਉਪਰੰਤ ਬੀਬੀ ਸੁਰਿੰਦਰ ਕੌਰ ਨੇ ਅੱਜ ਦੀ ਪਹਿਲੀ ਪ੍ਰਸੁਤੀ ਦੇ ਕਲਾਕਾਰਾਂ ਸ੍ਰੀ ਅਨੁਭਵ ਖਮਾਰੂ ਜੀ ਅਤੇ ਅਜੇ ਪਾਲ ਨਾਮਧਾਰੀ ਮੰਚ ਤੇ ਸੱਦਾ ਦਿੱਤਾ ਅਤੇ ਉਹਨਾਂ ਬਾਰੇ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ, ਸ਼ਾਸਤਰੀ ਸੰਗੀ ਜਗਤ ਦੇ ਉਬਰਦੇ ਸਿਤਾਰੇ ਅਤੇ ਸੰਗੀਤਕ ਪਰਿਵਾਰ ਜਨਮੇ ਸ੍ਰੀ ਅਨੁਭਵ ਖਮਾਰੂ ਜੀ ਪਦਮ ਭੂਸ਼ਣ ਪੰਡਿਤ ਅਜੋਏ ਚਕਰਵਰਤੀ ਜੀ ਦੇ ਸ਼ਾਗਿਰਦ ਹਨ, ਜਿਨਾਂ ਨੂੰ ਸੰਗੀਤ

ਵਿਰਾਸਤ ਵਿੱਚ ਮਿਲਿਆ ਸੰਨ 2007 ਵਿੱਚ ਆਪ ਜੀ ਨੇ ਸ਼ਰੁਤੀ ਨੰਦਨ ਮਿਊਜ਼ਿਕ ਇੰਸਟੀਟਿਊਟ ਤੋਂ ਗਾਇਕੀ ਦੀ ਸ਼ੁਰੂਆਤ ਕੀਤੀ।

ਇਸ ਦੇ ਨਾਲ ਇਹਨਾਂ ਨੂੰ ਸ੍ਰੀ ਸਾਗਰਿਕ ਬਟਾਚਾਰਿਆ ਸ੍ਰੀਮਤੀ ਸੁਜਾਤਾ ਬਾਸੂ ਸ੍ਰੀ ਅਨੀਰਬ ਚਟਰਜੀ ਅਤੇ ਸ੍ਰੀ ਬਿਰਾਜਸਵਰ ਮੁਖਰਜੀ ਪਾਸੋਂ ਮਾਰਗਦਰਸ਼ਨ ਪ੍ਰਾਪਤ ਹੋਇਆ।

2017 ਵਿੱਚ ਇਹਨਾਂ ਨੂੰ ਆਈਟੀਸੀ ਸੰਗੀਤ ਰਿਸਰਚ ਅਕੈਡਮੀ ਕੋਲਕਾਤਾ ਵਿੱਚ ਬਤੌਰ ਜੂਨੀਅਰ ਸਕਾਲਰ ਚੁਣਿਆ ਗਿਆ ਅਤੇ ਸੰਨ 2020 ਵਿੱਚ ਇਹਨਾਂ ਨੂੰ ਐਮ.ਐਸ ਸੁਭਾ ਲਛਮੀ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ, ਹਾਲ ਵਿਚ ਹੋਈ ਤੀਸਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਪ੍ਰਤੀਕਤਾ ਵਿੱਚ ਇਹਨਾਂ ਨੇ ਸੀਨੀਅਰ ਵਰਗ ਵਿੱਚ ਪਹਿਲਾ ਸਥਾਨ ਹਾਸਲ ਪ੍ਰਾਪਤ ਕੀਤਾ ਹੈ।

ਇਹਨਾਂ ਨਾਲ ਤਬਲੇ ਤੇ ਸਾਥ ਦਿੱਤਾ ਸ੍ਰੀ ਅਜੇਪਾਲ ਨਾਮਧਾਰੀ ਨੇ ਜਿਨਾਂ ਬਾਰੇ ਅਸੀ ਉੱਪਰ ਜਾਣਕਾਰੀ ਲਿਖ ਚੁੱਕੇ ਹਾਂ। ਇਹਨਾ ਨਾਲ ਹਰਮੋਨੀਅਮ ਤੇ ਸਾਥ ਦਿੱਤਾ ਸ੍ਰੀ ਸਾਜਨ ਸਿੰਘ ਨਾਮਧਾਰੀ ਨੇ ਜੋ ਕਿ ਬਨਾਰਸ ਘਰਾਣੇ ਦੇ ਸਿਰਮੌਰ ਗਾਇਕ ਪਦਮ ਭੂਸ਼ਣ ਪੰਡਿਤ ਰਾਜਨ ਸਾਜਨ ਮਿਸ਼ਰਾ ਜੀ ਦੇ ਸ਼ਾਗਿਰਦ ਹਨ ਸ੍ਰੀ ਸਾਜਨ ਸਿੰਘ ਨਾਮਧਾਰੀ ਨੇ ਸੱਤ ਸਾਲ ਦੀ ਉਮਰ ਵਿੱਚ ਸੰਗੀਤਕ ਸਫਰ ਦੀ ਸ਼ੁਰੂਆਤ ਕੀਤੀ ਆਪਣੇ ਪਿਤਾ ਸ੍ਰੀ ਗੁਰਦੇਵ ਸਿੰਘ ਜੀ ਪਾਸੋਂ ਗੁੜਤੀ ਪ੍ਰਾਪਤ ਕਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਸਾਜਨ ਸਿੰਘ ਨਾਮਧਾਰੀ ਨੂੰ ਪੰਡਿਤ ਰਾਜਨ ਸਾਜਨ ਮਿਸ਼ਰਾ ਦੇ ਸ਼ਿਸ਼ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਵਰਤਮਾਨ ਸਮੇਂ ਵਿੱਚ ਸਾਜਨ ਸਿੰਘ ਨਾਮਧਾਰੀ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਰਹਿਨੁਮਾਈ ਹੇਠ ਦਿੱਲੀ ਅਤੇ ਸਿਰਸਾ ਵਿਖੇ ਨਾਮਧਾਰੀ ਬੱਚਿਆਂ ਨੂੰ ਸੰਗੀਤ ਦੀ ਤਾਲੀਮ ਦੇ ਰਹੇ ਹਨ। ਤਾਨਪੁਰੇ ਤੇ ਸਾਥ ਦਿੱਤਾ ਨਾਮਧਾਰੀ ਕਲਾਕੇਂਦਰ ਦੇ ਸਿਖਿਆਰਥੀ ਮਹਿਤਾਬ ਸਿੰਘ ਨੇ।

ਅਨੁਭਵ ਖੁਮਾਰੂ ਨੇ ਸਭ ਤੋਂ ਪਹਿਲਾਂ ਸ੍ਰੀ ਸਤਿਗੁਰੂ ਜੀ ਨੂੰ ਨਮਨ ਕੀਤਾ ਧੰਨਵਾਦ ਕੀਤਾ ਅਤੇ ਰਾਗ ਸ਼ਾਮ ਕਲਿਆ ਨਾਲ ਆਪਣੀ ਪੇਸ਼ਕਾਰੀ ਆਰੰਭ ਕੀਤੀ, ਫੇਰ ਇਕ ਬੰਦਿਸ਼ ਸੁਣਾਈ ਛੱਬ ਸ਼ਾਮ ਕੀ ਮਨ ਮਹਿ ਸਮਾਈ। ਬਹੁਤ ਸੁੰਦਰ ਗਾਇਕੀ ਨਾਲ ਅਨੁਭਵ ਨੇ ਸਰੋਤਿਆਂ ਦੀ ਵਾਹਵਾਹੀ ਖੱਟੀ ਸਤਿਗੁਰੂ ਜੀ ਵੀ ਭਵਿੱਖ ਦੇ ਇਸ ਸਿਤਾਰੇ ਤੋ ਪ੍ਰਸੰਨ ਹੋਏ ਅਤੇ ਸਾਰੇ ਕਲਾਕਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤਾ, ਮੰਚ ਸੰਚਾਲਕ ਰਤਨਾ ਮਾਲਵੀਆ ਨੇ ਅਗਲੇ ਪ੍ਰਸਤੁਤੀ ਲਈ ਵਿਸ਼ਵ ਵਿਖਿਆਤ ਸਰੋਦ ਵਾਦਕ ਪੰਡਿਤ ਅਭਿਸੇਕ ਲਹਰੀ ਜੀ ਅਤੇ ਪ੍ਰਸਿੱਧ ਤਬਲਾ ਵਾਦਕ ਪੰਡਿਤ ਯੋਗੀ ਸਮਸੀ ਜੀ ਨੂੰ ਸੱਦਾ ਦਿੱਤਾ ਅਤੇ ਸਰੋਤਿਆਂ ਦੇ ਨਾਲ ਉਹਨਾਂ ਦੇ ਸੰਗੀਤਕ ਪਿਛੋਕੜ ਦੀ ਜਾਣਕਾਰੀ ਦਿੱਤੀ।

ਭਾਰਤੀ ਸੰਗੀਤ ਜਗਤ ਵਿੱਚ ਇੱਕ ਉੱਚਾ ਮੁਕਾਮ ਹਾਸਲ ਕਰਨ ਵਾਲੇ ਪੰਡਿਤ ਅਭਿਸ਼ੇਕ ਲਹਰੀ ਜੀ ਵਿਸ਼ਵ ਭਰ ਦੇ ਨਾਮਵਰ ਸਰੋਦਵਾਦਕਾਂ ਵਿੱਚੋਂ ਇੱਕ ਹਨ ਇਹਨਾਂ ਦਾ ਜਨਮ ਸੰਗੀਤ ਘਰਾਣੇ ਵਿੱਚ ਹੋਇਆ ਇਹਨਾਂ ਨੇ ਸਰੋਦਵਾਦਨ ਦੀ ਆਲੋਕਿਕ ਕਲਾ ਆਪਣੇ ਪਿਤਾ ਗੁਰੂ ਪੰਡਿਤ ਅਲੋਕ ਲਹਰੀ ਜੀ ਪਾਸੋਂ ਪ੍ਰਾਪਤ ਕੀਤੀ 10 ਸਾਲ ਦੀ ਉਮਰ ਵਿੱਚ ਇਹਨਾਂ ਨੇ ਆਪਣੀ ਪਹਿਲੀ ਪੇਸ਼ਕਾਰੀ ਦਿੱਤੀ। ਇਹਨਾਂ ਨੂੰ ਪ੍ਰੈਸੀਡੈਂਡ ਅਵਾਰਡ ਸੰਗੀਤ ਵਿਸਾਰਦ, ਸੰਗੀਤ ਰਤਨਾਕਰ ਆਦਿ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ।

ਤਬਲੇ ਤੇ ਸੰਗਤ ਕਰਨ ਵਾਲੇ ਪੰਡਿਤ ਯੋਗੀ ਸਮਸੀ ਜੀ ਸਵਰਗੀ ਪੰਡਿਤ ਦਿਨਕਰ ਕਰੀ ਜੀ ਦੇ ਸਪੁੱਤਰ ਹਨ, ਇਹਨਾਂ ਨੇ ਆਪਣੀ ਮੁਢਲੀ ਵਿਦਿਆ ਪੰਡਿਤ ਤਾਰਾ ਨਾਥ ਰਾਓ ਜੀ ਪਾਸੋਂ ਪ੍ਰਾਪਤ ਕੀਤੀ ਅਤੇ ਬਾਅਦ ਵਿੱਚ ਤਬਲਾ ਸਮਰਾਟ ਉਸਤਾਦ ਅੱਲਾ ਰੱਖਾਂ ਖਾਂ ਜੀ ਪਾਸੋਂ ਤਕਰੀਬਨ 23 ਸਾਲ ਤਬਲੇ ਦੀ ਸਾਧਨਾ ਕੀਤੀ ਇਸ ਕਠੋਰ ਸਾਧਨਾ ਕਰਨ ਤੋਂ ਬਾਅਦ ਆਪ ਜੀ ਇੱਕ ਸਫਲ ਅਤੇ ਨਾਮੀ ਤਬਲਾ ਵਾਦਕ ਦੇ ਤੌਰ ਤੇ ਵਿਸ਼ਵ ਭਰ ਵਿੱਚ ਪ੍ਰਸਿੱਧ ਹੋਏ ਪੰਡਿਤ ਯੋਗੇਸ਼ ਸਮਸੀ ਜੀ ਦੀਆ ਉਂਗਲੀਆਂ ਦਾ ਜਾਦੂ ਦਰਸ਼ਕਾਂ ਦੇ ਸਿਰ ਚੜ ਕੇ ਬੋਲਦਾ ਹੈ। ਪੰਡਿਤ ਜੀ ਨੇ ਤਬਲਾ ਵਾਦਨ ਵਿੱਚ ਪੰਜਾਬ ਘਰਾਣੇ ਨੂੰ ਪੂਰੇ ਵਿਸ਼ਵ ਭਰ ਵਿੱਚ ਪ੍ਰਸਿੱਧ ਕੀਤਾ ਹੈ, ਪੰਡਿਤ ਯੋਗੀ ਸਮਸੀ ਜੀ ਦੀ ਨਾਮਧਾਰੀ ਸਮਾਜ ਦੇ ਨਾਲ ਬੜੀ ਗਹਿਰੀ ਸਾਂਝ ਹੈ ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਤੇ ਹੁਣ ਵਰਤਮਾਨ ਸਤਿਗੁਰੂ ਜੀ ਦਾ ਅਥਾਹ ਪ੍ਰੇਮ ਹਾਸਲ ਕੀਤਾ ਹੈ ਅਤੇ ਭੈਣੀ ਸਾਹਿਬ ਨੂੰ ਇਹ ਆਪਣਾ ਘਰ ਸਮਝ ਕੇ ਹੀ ਆਉਂਦੇ ਹਨ।

ਪੰਡਿਤ ਅਨੁਭਵ ਲਹਿਰੀ ਜੀ ਨੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਚਰਨਾਂ ਵਿੱਚ ਨਮਨ ਕੀਤਾ ਅਤੇ ਇਸ ਸੰਗੀਤ ਸੰਮੇਲਨ ਵਿੱਚ ਦੁਬਾਰਾ ਹਾਜ਼ਰੀ ਲਵਾਉਣ ਦਾ ਮੌਕਾ ਦੇਣ ਵਾਸਤੇ ਧੰਨਵਾਦ ਕੀਤਾ ਉਹਨਾਂ ਨੇ ਰਾਗ ਮਾਰੂ ਵਿਹਾਗ ਵਿੱਚ ਅਲਾਪ ਜੋੜ ਝਾਲਾ ਉਪਰੰਤ ਰੂਪਕ ਅਤੇ ਤਿੰਨ ਤਾਲ ਵਿੱਚ ਦੋ ਕੰਪੋਜੀਸ਼ਨ ਸੁਣਾਈਆਂ। ਓਹਨਾ ਪੇਸ਼ਕਾਰੀ ਦੌਰਾਨ

ਅਤੇ ਸਮਾਪਤੀ ਬਾਅਦ ਵਜਦੀਆ ਤਾੜਿਆ ਦੀ ਗੂੰਜ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਗੂੰਜ ਦੇ ਰੂਪ ਪੂਰੇ ਭਾਰਤ ਵਿਚ ਫੈਲੇਗੀ ਇਹ ਅਨੂਠੀ ਪ੍ਰਸਤੁਤੀ ਨਾ ਸਿਰਫ ਅਭਿਸ਼ੇਕ ਲਹਰੀ ਜੀ ਦੇ ਨਾਮ ਨਾਲ ਜਾਈ ਜਾਵੇਗੀ ਬਲਕਿ ਇਸਨੂੰ ਪੰਡਿਤ ਯੋਗੇਸਨ ਸੀ ਜੀ ਦੇ ਤਬਲਾ ਵਾਦਨ ਕਰਕੇ ਵੀ ਯਾਦ ਰੱਖਿਆ ਜਾਵੇਗਾ। ਸਤਿਗੁਰੂ ਜੀ ਨੇ ਦੋਵਾਂ ਕਲਾਕਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤਾ।

ਮੰਚ ਸੰਚਾਲਕਾ ਰਵਨੀਤ ਕੌਰ ਨੇ ਸੰਗੀਤ ਸਮੇਲ ਦੀ ਲੜੀ ਨੂੰ ਅੱਗੇ ਵਧਾਉਂਦੇ ਹੋਏ ਅੱਜ ਦੀ ਆਖਰੀ ਪੇਸ਼ਕਾਰੀ ਦੇਣ ਵਾਲੇ ਅਗਲੇ ਕਲਾਕਾਰ ਪੰਡਿਤ ਉਦੈ ਭਵਲਕਰ ਜੀ ਨੂੰ ਮੰਚ ਤੇ ਆਉਣ ਦਾ ਸੱਦਾ ਦਿੱਤਾ ਜੋ ਕਿ ਧਰੂਪਦ ਗਾਇਨ ਸ਼ੈਲੀ ਦੇ ਸਰਵ ਸ੍ਰੇਸ਼ਟ ਗਾਇਕਾ ਵਿੱਚੋਂ ਇੱਕ ਹਨ, ਦੁਨੀਆਂ ਦੀ ਸਭ ਤੋਂ ਪੁਰਾਤਨ ਗਾਇਨ ਸ਼ੈਲੀ ਧਰੁਪਦ ਗਾਇਨ ਜਿਸਦਾ ਜਨਮ ਭਗਤੀ ਲਹਿਰ ਦੌਰਾਨ ਵਲਵ ਸੰਪਦਾਇ ਦੇ ਨਾਲ ਮੰਨਿਆ ਜਾਂਦਾ ਹੈ ਇਸ ਪ੍ਰਾਚੀਨ ਧਰੋਹਰ ਨੂੰ ਸਜੀਵ ਰੱਖਣ ਵਾਲੇ ਪੰਡਿਤ ਉਦੇ ਭਵਲਕਰ ਜੀ ਨੇ ਇਹ ਵਿਦਿਆ ਆਪਣੇ ਗੁਰੂ ਉਸਤਾਦ ਜੀਆ ਫਰੀਦਉਦੀਨ ਡਾਗਰ ਅਤੇ ਉਸਤਾਦ ਜੀਆ ਮੁਯਦੀਨ ਡਾਗਰ ਜੀ ਪਾਸੋਂ ਪ੍ਰਾਪਤ ਕੀਤੀ ਗੁਰੂ ਇਸ ਪਰੰਪਰਾ ਅਧੀਨ ਲੈ ਕੇ ਇਹਨਾਂ ਨੇ ਇਸ ਪ੍ਰਾਚੀਨ ਕਲਾ ਨੂੰ ਪਰੰਪਰਾਗਤ ਤਰੀਕੇ ਨਾਲ ਸਿੱਖਿਆ, ਸਨ 1985 ਵਿੱਚ ਇਹਨਾਂ ਨੇ ਪਹਿਲੀ ਪੇਸਕਾਰੀ ਦਿੱਤੀ ਉਪਰੰਤ ਹੁਣ ਤੱਕ ਪੂਰੇ ਵਿਸ਼ਵ ਭਰ ਵਿੱਚ ਧਰੂਪਦ ਗਾਇਨ ਦਾ ਪ੍ਰਚਾਰ ਕਰ ਰਹੇ ਹਨ, ਇਹਨਾਂ ਨੂੰ ਕੁਮਾਰ ਗੰਧਰਭ ਸਨਮਾਨ ਸੰਗੀਤ ਨਾਟਕ ਅਕਾਦਮੀ ਅਵਾਰਡ ਰਜ਼ਾ ਫਾਊਂਡੇਸ਼ਨ ਅਵਾਰਡ ਆਦਿ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹਨਾ ਨਾਲ ਪਖਾਵਜ ਤੇ ਸੰਗਤਕਿਤ ਸ੍ਰੀ ਪ੍ਰਤਾਪ ਅਵਧ ਜੀ ਨੇ ਜੋਕਿ ਤਾਲ ਯੋਗੀ ਪੰਡਿਤ ਸੁਰੇਸ਼ ਤਲਵਰਕਰ ਜੀ ਦੇ ਸ਼ਗਿਰਦ ਹਨ ਸ੍ਰੀ ਪ੍ਰਤਾਪ ਅਵਧ ਜੀ ਪਖਾਵਜਵਾਦਨ ਸ਼ੈਲੀ ਦੇ ਉਬਰਦੇ ਸਿਤਾਰੇ ਹਨ ਜਿਨ੍ਹਾਂ ਨੇ ਦੁਨੀਆਂ ਭਰ ਵਿੱਚ ਆਪਣੇ ਪਖਾਵਜਵਾਦਨ ਦੇ ਨਾਲ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ ਹੈ ਇਹਨਾਂ ਨੂੰ ਤਾਲਮਨੀ ਪੁਰਸਕਾਰ ਯਸਵੰਤ ਰਾਉ ਚੌਹਾਨ ਯੁਵਾ ਸੰਗੀਤ ਸਨਮਾਨ ਅਤੇ ਕਲਾ ਗੌਰਵ ਸਨਮਾਨ ਵਰਗੇ ਅਨੇਕਾਂ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਇਹਨਾ ਨਾਲ ਵੋਕਲ ਸਪੋਰਟ ਕੀਤੀ ਪ੍ਰਸੰਨਾ ਵਿਸ਼ਵਨਾਥਨ ਅਤੇ ਤਾਨਪੁਰੇ ਤੇ ਸਾਥ ਦੇਣ ਆਏ ਜੈ ਸਿੰਘ ਅਤੇ ਬਸੰਤ ਸਿੰਘ ਨਾਮਧਾਰੀ ਸਪੁੱਤਰ ਸ੍ਰੀ ਬਲਵੰਤ ਸਿੰਘ ਜੀ ਤੋਂ ਪੰਡਿਤ ਉਦੇ ਭਵਲਕਰ ਜੀ ਨੇ ਸਭ ਤੋਂ ਪਹਿਲਾ ਸਤਿਗੁਰੂ ਜੀ ਨੂੰ ਨਮਨ ਕੀਤਾ ਅਤੇ ਦਸਿਆ ਕਿ ਉਹਨਾਂ ਨੂੰ 2010 ਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਨਮੁੱਖ ਗਾਉਣ ਦਾ ਸੁਭਾਗ ਪ੍ਰਾਪਤ ਹੋਇਆ ਨਾਲ ਉਹਨਾਂ ਦੱਸਿਆ ਕਿ ਧੁਰਪਤ ਗਾਇਨ ਦੀ ਸਭ ਤੋਂ ਪੁਰਾਈ ਸ਼ੈਲੀ ਹੈ ਜੋ ਭਗਵਾਨ ਸਿ਼ਵ ਤੋਂ ਪ੍ਰਾਪਤ ਹੋਈ ਹੈ, ਰਾਗ ਭਾਘੇਸ਼ਵਰੀ ਚ ਅੱਲਾਪ ਅਤੇ ਦੋ ਰਚਨਾਵਾਂ ਪਹਿਲੀ ਥਮਾਰ ਤਾਲ ਸੁਲ ਤਾਲ 'ਚ ਪ੍ਰਸਤੁਤ ਕੀਤੀਆ ਉਪਰੰਤ ਇਕ ਸ਼ਕਤੀ ਦੀ ਉਸਤਤਿ ਚ ਭਜਨ ਗਾਇਨ ਕੀਤਾ ਉਪਰੰਤ ਤਾਨਸੇਨ ਜੀ ਦੀ ਬੰਦਿਸ਼ ਸੁਣਾਈ ਜਿਸ ਦੀ ਅਸਥਾਈ ਸੀ ਗਿਆਨ ਮਦ ਮਾਤੇ ਜੋ ਨਰ ਤਿੰਨ ਕੋ ਕਬਹੂ ਨਾ ਹੋਤ ਖੁਮਾਰੀ ਭਾਵ ਜਿਸਨੂੰ ਗਿਆਨ ਹੋ ਜਾਵੇ ਉਸਨੂੰ ਕਦੀ ਘਮੰਡ ਨਹੀ ਹੁੰਦਾ ਇਹਨਾ ਦੁਆਰਾ ਗਾਇਨ ਧਰੂਪਦ ਨਾਲ ਪ੍ਰਤਾਪ ਮੰਦਿਰ ਦੀ ਆਭਾ ਨੂੰ ਭਗਤੀ ਅਤੇ ਸੰਗੀਤ ਭਾਵ ਨਾਲ ਸਰਾਬੋਰ ਹੋ ਗਈ।

ਇਹਨਾਂ ਦੀ ਪ੍ਰਸਤੁਤੀ ਤੋਂ ਬਾਅਦ ਸਤਿਗੁਰੂ ਜੀ ਨੇ ਸਾਰੇ ਕਲਾਕਾਰਾਂ ਨੂੰ ਸਿਰੋਪਾਓ ਬਖਸਿ਼ਸ਼ ਕੀਤਾ ਅਤੇਬਾਵੇਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦੀ ਦੂਸਰੀ ਸ਼ਾਮ ਸੰਗੀਤ ਰਸ ਵਿੱਚ ਸਰਾਬੋਰ ਹੋ ਕੇ ਸੰਪੂਰਨ ਹੋਈ। ਸੇਵਾਦਾਰਾਂ ਨੇ ਕਲਾਕਾਰਾਂ ਦੀ ਪ੍ਰਸ਼ਾਦ ਪਾਈ ਦੀ ਸੇਵਾ ਕੀਤੀ।

ਮਿਤੀ 17 ਨਵੰਬਰ 2024 ਪਿਛਲੇ ਦੋ ਦਿਨ ਤੋਂ ਸ੍ਰੀ ਭੈਣੀ ਸਾਹਿਬ ਸੰਗੀਤ ਮਈ ਰੰਗ ਦੇ ਵਿੱਚ ਲਬਰੇਜ ਸੀ ਸਾਧ ਸੰਗਤ ਅਤੇ ਸਰੋਤਿਆਂ ਦੀ ਗਿਣਤੀ ਅੱਜ ਹੋਰ ਵੱਧ ਗਈ ਕਿਉਂਕਿ ਅੱਜ ਦੇ ਕਲਾਕਾਰ ਅੱਜ ਦੀ ਪੇਸਕਾਰੀ ਬਹੁਤ ਵਿਲੱਖਣ ਹੋਣ ਵਾਲੀ ਸੀ । ਸ਼ਾਮ 5 ਵਜੇ ਪ੍ਰਤਾਪ ਮੰਦਰ ਦੇ ਵਿੱਚ ਸਾਜ ਬੈਠੇ ਸਰੋਤਿਆਂ ਦੇ ਸਨਮੁੱਖ ਸਭ ਤੋਂ ਪਹਿਲਾਂ ਸ੍ਰੀ ਬਲਵੰਤ ਸਿੰਘ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਸੰਗੀਤਕ ਯਾਤਰਾ ਬਾਰੇ ਸਾਧ ਸੰਗਤ ਨਾਲ ਆਪਣੇ ਵਿਚਾਰ ਸਾਂਝੀ ਕੀਤੇ ਨਾਲ ਹੀ ਉਹਨਾਂ ਮਹਾਨ ਸਰੰਗੀ ਵਾਦਕ ਪੰਡਿਤ ਰਾਮ ਨਰਾਇਣ ਜੀ ਨੂੰ ਸਰਧਾ ਸ਼ਬਦ ਪੇਂਟ ਕੀਤੇ ਉਪਰੰਤ ਸੰਗੀਤ ਸੰਮੇਲਨ ਦਾ ਆਰੰਭ ਕਰਦਿਆਂ ਰਵਨੀਤ ਕੌਰ ਨੇ ਅੱਜ ਦੀ ਪਹਿਲੀ ਪ੍ਰਸਤੁਤੀ ਦੇਣ ਲਈ ਸਰੰਗੀ ਵਾਦਕ ਪ੍ਰਭਜੀਤ ਕੌਰ ਸ੍ਰੀ ਭੈਣੀ ਸਾਹਿਬ ਅਤੇ ਉਹਨਾਂ ਦੇ ਨਾਲ ਤਬਲੇ ਤੇ ਸਾਥ ਦੇਣ ਲਈ ਸ੍ਰੀ ਹਰਨਾਮ ਸਿੰਘ ਨਾਮਧਾਰੀ ਨੂੰ ਸੱਦਾ ਦਿੱਤਾ ਅਤੇ ਇਹਨਾਂ ਕਲਾਕਾਰਾਂ ਬਾਰੇ ਸਰੋਤਿਆਂ ਨੂੰ ਜਾਣਕਾਰੀ ਦਿੱਤੀ।

ਨਾਮਧਾਰੀ ਕਲਾ ਕੇਂਦਰ ਦੇ ਸਿਖਿਆਰਥੀ ਪ੍ਰਭਜੀਤ ਕੌਰ ਸਰੰਗੀ ਵਾਦਨ ਦੇ ਇੱਕ ਉਭਰਦੇ ਸਿਤਾਰੇ ਹਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਵਰੋਸਾਏ ਪ੍ਰਭਜੀਤ ਕੌਰ

ਨੇ ਸੈਰੰਗੀ ਵਾਦਨ ਦੀ ਮੁਢਲੀ ਸਿੱਖਿਆ ਸ੍ਰੀ ਭੈਣੀ ਸਾਹਿਬ ਰਹਿੰਦਿਆਂ ਸ੍ਰੀ ਕਰਮ ਸਿੰਘ ਜੀ ਨਾਮਧਾਰੀ ਅਤੇ ਬਨਾਰਸ ਘਰਾਣੇ ਦੇ ਪੰਡਿਤ ਵਿਦਿਆ ਸਹਾਇ ਦੀ ਪਾਸੋਂ ਪ੍ਰਾਪਤ ਕੀਤੀ। ਉਪਰੰਤ ਪ੍ਰਭਜੀਤ ਕੌਰ ਨੂੰ ਹਜ਼ੂਰ ਸਤਿਗੁਰੂ ਜੀ ਨੇ ਬਖਸ਼ਿਸ ਕਰਦਿਆਂ ਉੱਘੇ ਸਾਰੰਗੀ ਵਾਦਕ ਉਸਤਾਦ ਮੁਰਾਦ ਅਲੀ ਖਾਂ ਸਾਹਿਬ ਜੀ ਦਾ ਸ਼ਾਗਿਰਦ ਬਣਾਇਆ। ਇਹਨਾਂ ਨਾਲ ਤਬਲੇ ਤੇ ਸਾਥ ਦੇਣ ਵਾਲੇ ਹਰਨਾਮ ਸਿੰਘ ਨਾਮਧਾਰੀ ਦਾ ਵੇਰਵਾ ਪਹਿਲਾਂ ਉੱਪਰ ਲਿਖ ਚੁੱਕੇ ਹਾਂ।

ਪ੍ਰਭਜੀਤ ਕੌਰ ਨੇ ਸਭ ਤੋਂ ਪਹਿਲਾਂ ਰਾਗ ਮਧੂਵੰਤੀ ਵਿੱਚ ਦੋ ਤਿੰਨ ਬੰਦਸ਼ਾਂ ਅਤੇ ਇੱਕ ਧਰੁਤ ਤਾਲ ਦੀ ਬੰਦਿਸ਼ ਉਪਰੰਤ ਇੱਕ ਤਰਾਨਾ ਵਜਾ ਕੇ ਸਾਰੰਗੀ ਵਾਦਨ ਨਾਲ ਸਭ ਨੂੰ ਪ੍ਰਭਾਵਿਤ ਕੀਤਾ। ਜਿਸ ਤਬਲੇ ਤੇ ਹਰਨਾਮ ਸਿੰਘ ਨਾਮਧਾਰੀ ਨੇ ਬਖੂਬੀ ਸਾਥ ਦਿੱਤਾ ਸਤਿਗੁਰੂ ਜੀ ਨੇ ਦੋਵਾਂ ਕਲਾਕਾਰਾਂ ਨੂੰ ਸਿਰੋਪਾਓ ਅਤੇ ਖੁਸ਼ੀਆਂ ਬਖਸ਼ਿਸ਼ ਕੀਤੀਆਂ।

ਅਗਲੀ ਪੇਸਕਾਰੀ ਲਈ ਮੰਚ ਸੰਚਾਲਿਕਾ ਰਤਨਾ ਮਾਲਵੀਆ ਨੇ ਬੜੇ ਉਤਸਾਹ ਅਤੇ ਅਪਣਤ ਨਾਲ ਪੰਜਾਬ ਘਰਾਣੇ ਦੇ ਮਹਾਨ ਕਲਾਕਾਰ ਪੰਡਿਤ ਯੋਗੇਸ਼ ਸਮਸੀ ਜੀ ਨੂੰ ਸੱਦਾ ਦਿੱਤਾ ਜਿਨਾਂ ਦਾ ਅੱਜ ਜਨਮ ਦਿਨ ਵੀ ਸੀ ਜਿਨਾਂ ਨੂੰ ਸ੍ਰੀ ਭੈਣੀ ਸਾਹਿਬ ਦੇ ਸਾਰੇ ਸੰਗੀਤ ਸਿਖਿਆਰਥੀ ਯੋਗੇਸ ਭਈਆ ਕਰਕੇ ਸੰਬੋਧਨ ਕਰਦੇ ਹਨ ਜੋ ਖੁਦ ਆਖਦੇ ਹਨ ਕਿ ਮੈਂ ਭੈਣੀ ਸਾਹਿਬ ਆਉਨਾ ਹਾਂ ਤਾਂ ਇੰਜ ਲੱਗਦਾ ਹੈ ਆਪਣੇ ਘਰ ਹੀ ਆਇਆ ਹਾਂ। ਜਿਨਾਂ ਨੇ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਹੁਣ ਸਤਿਗੁਰੂ ਉਦੇ ਸਿੰਘ ਜੀ ਦੀਆਂ ਅਥਾਹ ਬਖਸ਼ਿਸ਼ਾਂ ਪ੍ਰਾਪਤ ਕੀਤੀਆਂ ਹਨ। ਇਸ ਸੰਗੀਤ ਸੰਮੇਲਨ ਵਿੱਚ ਇਹ ਉਹਨਾ ਦੀ ਦੂਸਰੀ ਹਾਜ਼ਰੀ ਸੀ ਭਾਵ ਉਹਨਾਂ ਦੇ ਸੰਗੀਤ ਪਿਛੋਕੜ ਬਾਰੇ ਉੱਪਰ ਜਾਣਕਾਰੀ ਦਿੱਤੀ ਜਾ ਚੁੱਕੀ ਹੈ। ਪੰਡਿਤ ਯੋਗੇਸ਼ ਸਮਸੀ ਜੀ ਦੇ ਨਾਲ ਤਬਲੇ ਦੇ ਸੰਗਤ ਕਰਨ ਲਈ ਉਹਨਾਂ ਦੇ ਹੋਣਹਾਰ ਸ਼ਾਗਿਰਦ ਸ੍ਰੀ ਸਵਪਨਿਲ ਭਿਸੇ ਜੀ ਵੀ ਮੰਚ ਤੇ ਪਧਾਰੇ ਜੋ ਕਿ ਯੁਵਾ ਤਬਲਾ ਵਾਦਕਾਂ ਚੋਂ ਇੱਕ ਜਾਣਿਆ ਪਛਾਣਿਆ ਨਾਮ ਹੈ ਇਹਨਾਂ ਨੇ ਆਪਣੀ ਮੁਢਲੀ ਵਿਦਿਆ ਸ੍ਰੀ ਚੰਦਰਕਾਂਤ ਏ ਭੋਸਕਰ ਜੀ ਅਤੇ ਸ੍ਰੀ ਪ੍ਰਵੀਨ ਕਾਰਕਰੇ ਜੀ ਪਾਸੋਂ ਪ੍ਰਾਪਤ ਕੀਤੀ।

ਪਖਾਵਜ ਤੇ ਪੰਡਿਤ ਯੋਗੇਸ਼ ਸਮਸੀ ਜੀ ਦੇ ਹੋਣਹਾਰ ਸ਼ਾਗਿਰਦ ਸ੍ਰੀ ਸੁਭਮ ਉਗਾਲੇ ਜੀ ਸਾਥ ਦੇਣ ਆਏ ਜੋ ਕਿ ਪਖਾਵਜ ਵਾਦਕਾਂ ਵਿੱਚ ਇੱਕ ਉਭਰਦੇ ਸਿਤਾਰੇ ਹਨ ਸ੍ਰੀ ਗੁਰੂ ਗਜਾਨੰਦ ਮਾਂਡਕੇ ਜੀ ਸ੍ਰੀ ਗੁਰੂ ਗੰਭੀਰ ਜੀ ਅਵਚਰ ਜੀ ਅਤੇ ਸਵਰਗੀ ਗੁਰੂ ਪੰਡਿਤ ਗੋਬਿੰਦ ਜੀ ਭਿਲਾੜੇ ਜੀ ਪਾਸੋਂ ਪਖਾਵਜਾਦਨ ਦਾ ਅਸ਼ੀਰਵਾਦ ਪ੍ਰਾਪਤ ਕਰਕੇ ਇਹ ਅੱਜ ਇੱਕ ਉਭਰਦੇ ਕਲਾਕਾਰ ਦੇ ਤੌਰ ਤੇ ਜਾਣੇ ਜਾਂਦੇ ਹਨ ਇਹਨਾਂ ਦੀ ਵਾਦਨ ਸ਼ੈਲੀ ਵਿੱਚ ਨਾਨਾ ਸਾਹਿਬ ਪਾਨਸੇ ਘਰਾਣਾ ਅਤੇ ਪੰਜਾਬ ਘਰਾਨੇ ਦੀ ਖੁਸਬੂ ਪ੍ਰਾਪਤ ਹੁੰਦੀ ਹੈ। ਪੰਡਿਤ ਜੀ ਨਾਲ ਹਰਮੋਨੀਅਮ ਤੇ ਸਾਥ ਦੇਣ ਆਏ ਭਾਰਤ ਦੇ ਨਾਮਵਰ ਹਾਰਮੋਨੀਅਮ ਵਾਦਕ ਸ੍ਰੀ ਤਨਮੈ ਦਿਓਕੇ ਜੀ ਜਿਨਾਂ ਦਾ ਜਨਮ ਸੰਗੀਤ ਕਾਰ ਘਰਾਨੇ ਵਿੱਚ ਹੋਇਆ ਜਿਨਾਂ ਨੇ ਮੁੱਢਲੀ ਵਿਦਿਆ ਆਪਣੇ ਦਾਦਾ ਗੁਰੂ ਪੰਡਿਤ ਗੋਪਾਲ ਦਿਓਚਕੇ ਅਤੇ ਪਿਤਾ ਪੰਡਿਤ ਅਬੈ ਦਿਓਕੇ ਜੀ ਪਾਸੋਂ ਪ੍ਰਾਪਤ ਕੀਤੀ ਉਪਰੰਤ ਆਪ ਜੀ ਪੰਡਿਤ ਪ੍ਰਮੋਦ ਮਰਾਠੇ ਜੀ ਦੇ ਸ਼ਾਗਿਰਦ ਬਣੇ ਵਰਤਮਾਨ ਸਮੇਂ ਵਿੱਚ ਆਪ ਜੀ ਤਾਲਯੋਗੀ ਪੰਡਿਤ ਸੁਰੇਸ ਤਲਵਲਕਰ ਅਤੇ ਪੰਡਿਤ ਉਲਾਸ ਖੁਸਾਲਕਰ ਜੀ ਪਾਸੋਂ ਆਪਣੀ ਵਿੱਦਿਆ ਨੂੰ ਹੋਰ ਨਿਖਾਰ ਰਹੇ ਹਨ।

ਇਹਨਾ ਕਲਾਕਾਰਾਂ ਦੇ ਮੈਚ ਤੇ ਆਉਂਦਿਆਂ ਹੀ ਸਰੋਤਿਆਂ ਨੇ ਜ਼ੋਰਦਾਰ ਤਾਲੀਆਂ ਨਾਲ ਇਹਨਾਂ ਦਾ ਸਵਾਗਤ ਕੀਤਾ। ਪੰਡਿਤ ਯੋਗੇਸ਼ ਸੰਸੀ ਜੀ ਨੇ ਸਭ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਨਮਨ ਕੀਤਾ ਅਤੇ ਦੱਸਿਆ ਕਿ ਅੱਜ ਮੈਨੂੰ ਉਹ ਸਮਾਂ ਯਾਦ ਆ ਰਿਹਾ ਹੈ ਜਦੋਂ ਇਸੇ ਥਾਂ ਤੇ ਉਹ ਆਪਣੇ ਉਸਤਾਦ ਅੱਲਾ ਰੱਖਾਂ ਖਾਂ ਸਾਹਿਬ ਦੇ ਨਾਲ ਪਹਿਲੀ ਵਾਰ ਸ੍ਰੀ ਭੈਣੀ ਸਾਹਿਬ ਵਜਾਉਣ ਵਾਸਤੇ ਆਏ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ, ਉਹਨਾਂ ਆਖਿਆ ਕਿ ਉਦੋਂ ਸਤਿਗੁਰੂ ਜੀ ਦਾ ਅਤੇ ਉਨਾਂ ਦੇ ਉਸਤਾਦ ਦਾ ਉਹਨਾਂ ਨੂੰ ਆਸ਼ੀਰਵਾਦ ਪ੍ਰਾਪਤ ਹੋਇਆ। ਅੱਜ ਉਹ ਆਪਣੇ ਸ਼ਗਿਰਦਾਂ ਦੇ ਨਾਲ ਇਸ ਪਾਵਨ ਧਰਤੀ ਤੇ ਹਾਜ਼ਰੀ ਭਰਨ ਵਾਸਤੇ ਆਏ ਹਨ, ਉਹਨਾਂ ਨੇ ਸਭ ਤੋਂ ਪਹਿਲਾਂ ਤਿੰਨ ਤਾਲ ਵਿੱਚ ਆਪਣੇ ਉਸਤਾਦ ਜੀ ਦੀਆਂ ਅਤੇ ਪੰਜਾਬ ਘਰਾਨੇ ਦੀਆਂ ਕੁਛ ਚੀਜ਼ਾਂ ਸੁਣਾਈਆਂ, ਪਖਾਵਜ ਦੀ ਪਰਨ ਵਜਾ ਕੇ ਕੀਤੀ ਸਿ੍ਵ ਸਤੁਤੀ ਨੇ ਤਾਂ ਸਰੋਤਿਆਂ ਨੂੰ ਕੀਲ ਕੇ ਰੱਖ ਦਿੱਤਾ ਸਰੋਤਿਆਂ ਦੀਆਂ ਤਾੜੀਆਂ ਉਨਾਂ ਦੇ ਆਨੰਦ ਦੀ ਅਨੁਭੂਤੀ ਕਰਾ ਰਹੀਆਂ ਸਨ। ਸ਼ਾਇਦ ਹੀ ਕੋਈ ਐਸਾ ਸਿਰ ਸੀ ਜਿਹੜਾ ਮਸਤੀ ਵਿੱਚ ਝੂਮ ਨਹੀਂ ਰਿਹਾ ਸੀ। ਸੰਗੀਤ ਦੇ ਆਨੰਦ ਨਾਲ ਵਿਸਮਾਦ ਵਿੱਚ ਆ ਕੇ ਸਰੋਤੇ ਵਾਹ ਵਾਹ ਕਰ ਰਹੇ ਸਨ। ਸਤਿਗੁਰੂ ਜੀ ਨੇ ਸਾਰੇ ਕਲਾਕਾਰਾਂ ਨੂੰ ਸਿਰੋਪਾਓ ਦੇਸ਼ ਦੀ ਬਖਸ਼ਿਸ਼ ਕੀਤੀ।

ਅਗਲੀ ਪੇਸ਼ਕਾਰੀ ਸੰਗੀਤ ਜਗਤ ਦੇ ਧਰੂ ਤਾਰੇ ਪੰਡਿਤ ਅਜੋਏ ਚਕਰਵਰਤੀ ਜੀ ਦੀ ਹੋਣ ਵਾਲੀ ਸੀ ਜਿਨਾਂ ਦੇ ਨਾਲ ਸੰਗਤ ਕਰਨੀ ਸੀ ਪੰਡਿਤ ਯੋਗੇਸ਼ ਸ਼ਮਸ਼ੀ ਜੀ ਨੇ ਜੋ ਕਿ

ਹੁਣੇ ਹੀ ਆਪਣੀ ਪੇਸ਼ਕਾਰੀ ਦੇ ਕੇ ਗਏ ਸਨ ਕੁਝ ਸਮਾਂ ਹੋਣ ਕਰਕੇ ਪਹਿਲਾਂ ਰਤਨਾ ਮਾਲਵੀਆ ਨੇ ਹਰਪਾਲ ਸਿੰਘ ਸੋਧੀ ਦੀ ਲਿਖੀ ਹੋਈ ਇੱਕ ਰਚਨਾ ਪੜ੍ਹੀ

ਦੂਰ
ਨਹੀਂ ਉਹ ਆਸ ਪਾਸ ਹੈ
ਗੁਰੂ ਜਗਜੀਤ ਤਾਂ ਇੱਕ ਵਿਸ਼ਵਾਸ ਹੈ
ਸਚ ਸਚਾਉਂਦੀ ਹਵਾਂ ਚ ਵਸਦਾ ਆਉਂਦੇ ਜਾਂਦੇ ਸਾਹ ਵਿੱਚ ਰਸਦਾ
ਮਿੱਠਾ ਮਿੱਠਾ ਪਿਆਰਾ ਇਕ ਅਹਿਸਾਸ ਹੈ
ਦੂਰ ਨਹੀਂ ਉਹ ਆਸ ਪਾਸ ਹੈ
ਗੁਰੂ ਜਗਜੀਤ ਤਾਂ ਇੱਕ ਵਿਸ਼ਵਾਸ ਹੈ
ਮਾਲਾ ਦੇ ਮਣਕੇ ਫੇਰਨ ਨੂੰ ਆਖਦਾ ਏ ਕਦੇ
ਰਾਗ ਕੋਈ ਛੇੜਨ ਨੂੰ ਆਖਦਾ ਏ ਕਦੇ
ਅੱਖਾਂ ਦੇ ਬੂਹੇ ਭੇੜਨ ਨੂੰ ਆਖਦਾ ਏ ਕਦੇ
ਗੁਰਬਾਣੀ ਦੇ ਬੋਲਾਂ ਚ ਲੁਕਿਆ ਧਰਵਾਸ ਹੈ
ਦੂਰ ਨਹੀਂ ਉਹ ਆਸ ਪਾਸ
ਗੁਰੂ ਜਗਜੀਤ ਤਾਂ ਇੱਕ ਵਿਸ਼ਵਾਸ ਹੈ
ਜ਼ਿੰਦਗੀ ਦੀਆਂ ਹਾਰਾਂ ਤੋਂ ਡਰਨ ਦਿੰਦਾ ਨਹੀਂ
ਮਾੜਾ ਕੰਮ ਓਹੀ ਤਾਂ ਕਰਨ ਦਿੰਦਾ ਨਹੀ
ਝੂਠ ਦੀ ਹਾਮੀ ਵੀ ਭਰਨ ਦਿੰਦਾ ਨਹੀ
ਰੂਹ ਤੇ ਉੱਕਰੀ ਉਸ ਦੀ ਹੀ ਤਰਾਸ਼ ਹੈ
ਦੂਰ ਨਹੀਂ ਉਹ ਆਸ ਪਾਸ ਹੈ
ਗੁਰੂ ਜਗਜੀਤ ਤਾਂ ਇੱਕ ਵਿਸ਼ਵਾਸ ਹੈ

ਉਪਰੰਤ ਹਰਪਾਲ ਸਿੰਘ ਸੇਵਕ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਗੀਤ ਜਗਤ ਵਿੱਚ ਦਿੱਤੇ ਯੋਗਦਾਨ ਬਾਰੇ ਬੀਤੇ ਸਮੇਂ ਦੇ ਵਾਕਿਆ ਸੁਣਾ ਕੇ ਸਰੋਤਿਆਂ ਨੂੰ ਨਿਹਾਲ ਕੀਤਾ।

ਉਪਰੰਤ ਮੰਚ ਸੰਚਾਲਕਾ ਰਤਨਾ ਮਾਲਵੀਆ ਨੇ ਅੱਜ ਦੀ ਅਖੀਰੀ ਪੇਸ਼ਕਾਰੀ ਲਈ ਪਦਮ ਭੂਸਣ ਪੰਡਿਤ ਅਜੋਏ ਚਕਰਵਰਤੀ ਜੀ ਨੂੰ ਸੱਦਾ ਦਿੱਤਾ ਅਤੇ ਉਹਨਾਂ ਦੇ ਸੰਗੀਤਕ ਪਿਛੋਕੜ ਦੀ ਜਾਣਕਾਰੀ ਸਰੋਤਿਆਂ ਨਾਲ ਸਾਂਝੀ ਕੀਤੀ।

ਪੰਜਾਬ ਦੇ ਪਟਿਆਲਾ ਕਸੂਰ ਘਰਾਨੇ ਦੀ ਵਾਗਡੋਰ ਨੂੰ ਸੰਭਾਲਣ ਵਾਲੇ ਪਦਮ ਭੂਸ਼ਣ ਪੰਡਿਤ ਅਜੋਏ ਚਕਰਵਰਤੀ ਅਜੋਕੇ ਯੁਗ ਦੀ ਉਹ ਮਸਾਲ ਹਨ ਜਿਨਾਂ ਨੇ ਸ਼ਾਸਤਰੀ ਸੰਗੀਤ ਪਰੰਪਰਾ ਨੂੰ ਜਨ ਮਾਨਸ ਤੱਕ ਰੌਸ਼ਨ ਕਰਨ ਦਾ ਇੱਕ ਵਡਮੁੱਲਾ ਕਾਰਜ ਨੇਪਰੇ ਚਾੜਿਆ ਹੈ।

ਸ੍ਰੀ ਅਜੋਏ ਚੱਕਰਵਰਤੀ ਜੀ ਦੀ ਗਾਇਕੀ ਵਿੱਚ ਕਰਨਾਟਕ ਸੰਗੀਤ ਤੋਂ ਲੈ ਕੇ ਹਿੰਦੁਸਤਾਨੀ ਸ਼ਾਸਤਰੀ ਸੰਗੀਤ ਦੇ ਅਨੇਕਾਂ ਹੀ ਵਿਦਵਾਨਾਂ ਦੀ ਖੁਸ਼ਬੂ ਦਾ ਆਨੰਦ ਮਾਣਿਆ ਜਾ ਸਕਦਾ ਹੈ। ਪਦਮ ਭੂਸ਼ਣ ਪੰਡਿਤ ਗਿਆਨ ਪ੍ਰਕਾਸ਼ ਘੋਸ਼ ਜੀ ਅਤੇ ਉਸਤਾਦ ਮੁਨਾਵਰ ਅਲੀ ਖਾਂ ਸਾਹਿਬ ਜੀ ਪਾਸੋਂ ਪ੍ਰਾਪਤ ਕੀਤੀ ਵਿਦਿਆ ਅਤੇ ਉਸ ਵਡਮੁੱਲੀ ਵਿਦਿਆ ਉੱਤੇ ਕੀਤੀ ਅੰਤਕ ਸਾਧਨਾ ਪੰਡਿਤ ਜੀ ਦੀ ਸਫਲ ਸ਼ਖਸੀਅਤ ਦਾ ਮੁੱਢ ਹੈ।

ਕਲਕੱਤਾ ਵਿਖੇ ਸਰੂਤੀ ਨੰਦਨ ਸੰਗੀਤ ਵਿਦਿਆਲਾ ਪੰਡਿਤ ਜੀ ਦੀ ਪ੍ਰਗਤੀਸ਼ੀਲ ਸੋਚ ਦਾ ਸਬੂਤ ਹੈ। ਜਿੱਥੇ ਹਜ਼ਾਰਾਂ ਦੀ ਗਿਣਤੀ ਵਿੱਚ ਸਿੱਖਿਆਆਰਥੀ ਆਪਣੀ ਭਾਰਤੀ ਸੰਸਕ੍ਰਿਤੀ ਨਾਲ ਇੱਕਮਿਕ ਹੁੰਦੇ ਹਨ। ਸ਼ਾਸਤਰੀ ਸੰਗੀਤ ਨੂੰ ਜੋ ਪੰਡਿਤ ਜੀ ਦੀ ਦੇਣ ਹੈ ਉਸਦਾ ਮੁਲਿਆਂਕਨ ਕਰਨਾ ਅਸੰਭਵ ਹੈ। ਅੱਜ ਦੀ ਪੇਸ਼ਕਾਰੀ ਸਮੇਂ ਪੰਡਿਤ ਜੀ ਨਾਲ ਤਬਲੇ ਤੇ ਸੰਗਤ ਸ੍ਰੀ ਯੋਗੇਸ਼ ਸ਼ੰਮਸ਼ੀ ਜੀ ਨੇ ਕੀਤੀ ਅਤੇ ਹਾਰਮੋਨੀਅਮ ਤੇ ਪੰਡਿਤ ਜੀ ਨਾਲ ਸੰਗਤ ਕਰਨ ਲਈ ਸ੍ਰੀ ਗੌਰਵ ਚਟਰ ਜੀ ਵੀ ਮੰਚ ਤੇ ਬਿਰਾਜਮਾਨ ਹੋਏ। ਸਵਰਗੀ ਪੰਡਿਤ ਸ੍ਰੀ ਸੁਨੀਲ ਬੋਸ ਜੀ ਦੇ ਸ਼ਾਗਿਰਦ ਸ੍ਰੀ ਗੌਰਵ ਚੈਟਰਜੀ ਨੇ ਆਪਣੇ ਮੁਢਲੀ ਵਿੱਦਿਆ ਆਪਣੀ ਮਾਤਾ ਸ੍ਰੀਮਤੀ ਅਜੰਤਾ ਚਟਰਜੀ ਪਾਸੋਂ ਮਾਤਰ ਪੰਜ ਸਾਲ ਦੀ ਉਮਰ ਵਿੱਚ ਹੀ ਆਰੰਭ ਕੀਤੀ। ਸ੍ਰੀ ਗੌਰਵ ਚੈਟਰਜੀ ਆਈਟੀਸੀ ਸੰਗੀਤ ਰਿਸਰਚ ਅਕੈਡਮੀ ਵਿੱਚ ਬਤੌਰ ਸਕਾਲਰ ਵੀ ਚੁਣੇ ਗਏ। ਇਹਨਾਂ ਨੂੰ ਹੁਣ ਤੱਕ ਅਨੇਕਾਂ ਹੀ ਵਿਸ਼ਵ ਵਿਖਿਆਤ ਸੰਗੀਤ ਸੰਮੇਲਨਾਂ ਵਿੱਚ ਸ਼ਿਰਕਤ ਕਰਨ ਦਾ ਅਫ਼ਸਰ ਪ੍ਰਾਪਤ ਹੋਇਆ ਹੈ। ਬਸੰਤ ਸਿੰਘ ਅਤੇ ਅਨੁਭਵ ਨੇ ਤਾਨਪੁਰਾ ਤੇ ਸਾਥ ਦਿੱਤਾ ਇਹਨਾਂ ਕਲਾਕਾਰਾਂ ਦੇ ਮੰਚ ਦੇ ਬਿਰਾਜਮਾਨ ਹੁੰਦਿਆਂ ਹੀ ਸਰੋਤਿਆਂ ਵੱਲੋਂ ਵਜੀਆਂ ਤਾੜੀਆਂ ਦਾ ਇੱਕ ਲੰਮਾ ਦੌਰ ਚੱਲਿਆ। ਪੰਡਿਤ ਅਜੋਇ ਚਕਰਵਰਤੀ ਜੀ ਦਾ ਨਾਮਧਾਰੀ ਪੰਥ ਦੇ ਨਾਲ ਇਸ ਤਰ੍ਹਾਂ ਦਾ ਲਗਾਵ ਬਣ ਚੁੱਕਾ ਹੈ ਕਿ ਉਹ ਮੰਚ ਤੇ ਨਾਮਧਾਰੀ ਦਸਤਾਰ ਧਾਰਨ ਕਰਕੇ ਪਧਾਰੇ ਸਨ।

ਪੰਡਿਤ ਅਜੋਏ ਚੱਕਰਵਰਤੀ ਜੀ ਨੇ ਆਪਣੀ ਪ੍ਰਸਤੁਤੀ ਸ਼ੁਰੂ ਕਰਨ ਤੋਂ ਪਹਿਲਾਂ ਸੰਬੋਧਨ ਹੁੰਦਿਆਂ ਆਖਿਆ ਕਿ ਮੈਂ ਸਤਿਗੁਰੂ ਜੀ ਦਾ ਅਭਾਰੀ ਹਾਂ। ਉਹਨਾਂ ਨੇ ਦੱਸਿਆ ਕਿ ਸਤਿਗੁਰੂ ਜੀ ਸੰਗੀਤ ਨੂੰ ਅੱਗੇ ਵਧਾਉਣ ਦੀ ਜਿਹੜੀ ਸੇਵਾ ਕਰ ਰਹੇ ਹਨ। ਉਸ ਹਰ ਪ੍ਰਕਾਰ ਨਾਲ ਉਹਨਾਂ ਨੂੰ ਸਤਿਗੁਰੂ ਜੀ ਨੇ ਨਾਲ ਰੱਖਿਆ ਹੋਇਆ ਹੈ, ਬੜੀ ਨਿਮਰਤਾ ਦੇ ਨਾਲ ਉਹਨਾਂ ਨੇ ਆਖਿਆ ਕਿ ਰਾਗ ਨੂੰ ਨੌਕਰ

ਬਣ ਕੇ ਗਾਇਆ ਜਾ ਸਕਦਾ ਹੈ ਮਾਲਕ ਬਣ ਕੇ ਨਹੀਂ। ਬੜੇ ਸੋਹਣੇ ਸ਼ਬਦਾਂ ਤੋਂ ਬਾਅਦ ਉਹਨਾਂ ਨੇ ਰਾਗ ਬਿਹਾਗ ਦਾ ਅਲਾਪ ਅਤੇ ਖਿਆਲ ਫਿਰ ਇਕ ਬੰਦਿਸ਼ ਦਾ ਰਾਗ ਬਿਹਾਰ ਕ ਗਾਇਨ ਕੀਤਾ ਫੇਰ ਰਾਗ ਦਰਬਾਰੀ ਗਾਇਨ ਕੀਤਾ।

ਪੰਡਿਤ ਜੀ ਦੁਆਰਾ ਓਮ ਤੇ ਆਲਾਪ ਦੇ ਆਰੰਭ ਨਾਲ ਇੰਜ ਲੱਗ ਰਿਹਾ ਸੀ ਜਿਵੇਂ ਅਧਿਆਤਮ ਦੀ ਕੋਈ ਸਾਧਨਾ ਆਰੰਭ ਹੋ ਗਈ ਹੋਵੇ, ਉਪਰੰਤ ਉਨਾਂ ਨੇ ਇੱਕ ਬੰਦਿਸ਼ ਗਾਇਨ ਕੀਤੀ ਜਿਹਦੇ ਅਸਥਾਈ ਦੇ ਬੋਲ ਸਨ ਜੋ ਗੁਰੂ ਕਿਰਪਾ ਕਰੇ ਕੋਟਕ ਪਾਪ ਕਟਿਤ ਪਲ ਛਿਣ ਮੇ, ਇਹਨਾਂ ਨੇ ਸਤਿਗੁਰੂ ਉਦੇ ਸਿੰਘ ਜੀ ਵੱਲ ਇਸ਼ਾਰਾ ਕਰ ਆਖਿਆ ਕਿ ਇਹ ਬੰਦਿਸ਼ ਸਤਿਗੁਰੂ ਜੀ ਨੂੰ ਸਮਰਪਿਤ ਹੈ ਉਪਰੰਤ ਰਾਗ ਭੈਰਵੀ ਨਵੇਂ ਅੰਦਾਜ਼ ਚ ਪੇਸ਼ ਕੀਤਾ । ਪੰਡਿਤ ਜੀ ਦੇ ਗਾਇਨ ਵਿੱਚ ਹਿਮਾਲਿਆ ਵਰਗੀ ਉਚਾਈ ਵੀ ਸੀ ਅਤੇ ਸਾਗਰਾਂ ਵਰਗੀ ਗਹਿਰਾਈ ਵੀ ਸੀ ਉਹਨਾਂ ਦੀ ਖੂਬਸੂਰਤ ਗਾਇਕੀ ਦੇ ਨਾਲ ਬਾਰਵੀਂ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ ਦਾ ਸਮਾਪਨ ਹੋਇਆ ਉਹਨਾਂ ਦੀ ਗਾਇਕੀ ਤੋਂ ਬਾਅਦ ਭਰਪੂਰ ਤਾੜੀਆਂ ਦੇ ਵਿੱਚ ਸਤਿਗੁਰੂ ਜੀ ਨੇ ਸਾਰੇ ਕਲਾਕਾਰਾਂ ਨੂੰ ਸਿਰੋਪਾਓ ਬਖਸ਼ਿਸ਼ ਕੀਤਾ। ਹਰਪਾਲ ਸਿੰਘ ਸੇਵਕ ਨੇ ਮੰਚ ਤੋਂ ਬੋਲਦਿਆਂ ਅੱਜ ਦੇ ਸੰਗੀਤ ਸੰਮੇਲਨ ਦੇ ਸਮਾਪਨ ਦੀ ਘੋਸ਼ਣਾ ਕੀਤੀ। ਪ੍ਰਬੰਧਕਾਂ ਨੂੰ ਸਾਰਿਆਂ ਨੂੰ ਸਰੋਤਿਆਂ ਨੂੰ ਅਤੇ ਕਲਾਕਾਰਾਂ ਨੂੰ ਵਧਾਈ ਦਿੱਤੀ। ਸਮਾਪਤੀ ਤੋਂ ਬਾਅਦ ਮੰਚ ਦੇ ਪਿਛਲੇ ਪਾਸੇ ਸੰਗੀਤ ਪ੍ਰੇਮੀਆਂ ਦਾ ਤਾਂਤਾਂ ਲੱਗ ਗਿਆ। ਉਹ ਆਪਣੇ ਹਰਮਨ ਪਿਆਰੇ ਉਸਤਾਦ ਅਤੇ ਵਿਦਵਾਨ ਕਲਾਕਾਰਾਂ ਨਾਲ ਤਸਵੀਰ ਖਿਚਾਉਣ ਲਈ ਉਹਨਾਂ ਦੀ ਇੱਕ ਝਲਕ ਪਾਉਣ ਲਈ ਇਕੱਤਰਿਤ ਹੋਏ। ਇੱਕ ਬੜਾ ਦਿਲ ਖੁਸ ਖੁਸ਼ਨੁਮਾ ਵਾਤਾਵਰਨ ਪ੍ਰਤਾਪ ਮੰਦਰ ਦੇ ਪਿਛਲੇ ਪਾਸੇ ਸਿਰਜ ਗਿਆ। ਕਾਸ ਕਿ ਕੋਈ ਤਾਕਤ ਹੁੰਦੀ ਜਿਹੜੀ ਵਕਤ ਨੂੰ ਰੋਕ ਲੈਂਦੀ। ਇਹ ਸਮਾਗਮ ਇਸੇ ਤਰ੍ਹਾਂ ਚਲਦਾ ਰਹਿੰਦਾ ਇਹ ਗਾਇਨ ਇਸੇ ਤਰ੍ਹਾਂ ਕੰਨਾਂ ਵਿੱਚ ਰਸ ਘੋਲਦਾ ਰਹਿੰਦਾ ਪਰ ਬਹੁਤ ਸਾਰੀਆਂ ਯਾਦਾਂ ਅਤੇ ਅਨੁਭਵ ਨੂੰ ਲੈ ਕੇ ਸਰੋਤੇ ਆਪੋ ਆਪਣੇ ਘਰੀ ਪਰਤੇ। ਸਾਰੇ ਕਲਾਕਾਰ ਸਤਿਗੁਰੂ ਜੀ ਦੇ ਨਿਵਾਸ ਅਸਥਾਨ ਪਹੁੰਚੇ। ਜਿੱਥੇ ਉਹਨਾਂ ਦੇ ਭੋਜਨ ਦਾ ਮਾਤਾ ਗੁਰਸ਼ਰਨ ਕੌਰ ਜੀ ਦੀ ਅਗਵਾਈ ਹੇਠ ਲਾਂਗਰੀਆਂ ਨੇ ਪ੍ਰਬੰਧ ਕੀਤਾ ਹੋਇਆ ਸੀ।

ਇੱਕ ਵਾਰ ਫਿਰ ਇਹ ਸੰਗੀਤ ਸੰਮੇਲਨ ਸਫਲਤਾ ਦੇ ਆਯਾਮ ਲੈ ਕੇ ਸੰਪੂਰਨ ਹੋਇਆ ਬਹੁਤ ਸਾਰੇ ਸੇਵਾਦਾਰਾਂ ਨੇ ਇਸ ਵਿੱਚ ਹਿੱਸਾ ਪਾਇਆ। ਬਲਵੰਤ ਸਿੰਘ ਜੀ ਦੇ ਨਾਲ ਰਾਜੇਸ਼ ਮਾਲਵੀਆ ਜੀ ਹਰਪ੍ਰੀਤ ਸਿੰਘ ਸੋਨੂ ਜੀ ਸ੍ਰੀ ਹਰਵਿੰਦਰ ਸਿੰਘ ਜੀ ਕਰਨ ਪਾਲ ਜੀ ਹਰਕੀਰਤ ਸਿੰਘ ਅਤੇ ਕਲਾ ਕੇਂਦਰ ਦੇ ਹੋਰ ਸਿਖਿਆਰਥੀਆਂ ਦੀ ਅਨਥੱਕ ਮਿਹਨਤ ਬਿਆਨ ਨਹੀ ਕੀਤੀ ਜਾ ਸਕਦੀ, ਰਿਕਾਰਡਿੰਗ ਅਤੇ ਫੋਟੋਗ੍ਰਾਫਰੀ ਦੀ ਸੇਵਾ ਬੰਤਾ ਸਿੰਘ ਸੂਰਤਪਾਲ ਅਤੇ ਹੋਰ ਸਾਥੀਆਂ ਨੇ ਨਿਭਾਈ, ਸਾਰੀ ਸੰਗਤ ਵਾਸਤੇ ਲੰਗਰ ਦੇ ਨਾਲ ਨਾਲ ਲੱਡੂ ਦੇ ਪ੍ਰਸ਼ਾਦ ਵਰਤਾਏ ਗਏ। ਸਤਿਗੁਰੂ ਜੀ ਦੀ ਰਹਿਨੁਮਾਈ ਹੇਠ ਸਿਰਜੇ ਇਸ ਵਾਤਾਵਰਨ ਨੂੰ ਬਿਆਨ ਕਰਨਾ ਬਹੁਤ ਔਖਾ ਹੈ। ਜਿਸ ਦਾ ਆਧਾਰ ਉਸ ਬੇਅੰਤ ਪਾਤਸ਼ਾਹ ਦੀ ਸਿਮਰਤੀ ਹੈ ਜਿਨਾਂ ਦਾ ਧਿਆਨ ਮਾਤਰ ਸਾਨੂੰ ਆਨੰਦਿਤ ਕਰਦਾ ਹੈ ਸੋ ਅਖੀਰ ਵਿੱਚ ਇਨਾ ਹੀ ਆਖਿਆ ਜਾ ਸਕਦਾ ਹੈ ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ।

**ਹਰਪਾਲ ਸਿੰਘ ਸੋਧੀ**

.....................................................

## ਪਿੰਡ ਖਾਨੇਵਾਲ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮੇਲਾ

ਦੇਸ਼ ਵਿਦੇਸ਼ ਵਿੱਚ ਵੱਸਦੀ ਸਾਧ ਸੰਗਤ ਦੇ ਮਨ ਵਿੱਚ ਉਮੰਗ ਹੁੰਦੀ ਹੈ ਕਿ ਸ੍ਰੀ ਸਤਿਗੁਰੂ ਜੀ ਉਹਨਾਂ ਨੂੰ ਦਰਸ਼ਨ ਦੇ ਕੇ ਨਿਵਾਜਦੇ ਰਹਿਣ। ਹਰ ਇਲਾਕੇ ਦੀ ਸਾਧ ਸੰਗਤ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਸੇਵਾ ਕਰਕੇ ਮਾਨ ਮਹਿਸੂਸ ਕਰਦੀ ਹੈ। ਇਹੋ ਜਿਹੀ ਹੀ ਭਾਵਨਾ ਸੀ ਜਿਲ੍ਹਾ ਪਟਿਆਲਾ ਦੇ ਪਾਤੜਾਂ ਇਲਾਕੇ ਦੇ ਪਿੰਡ ਖਾਨੇਵਾਲ ਦੀ ਸਾਧ



ਸੰਗਤ ਦੀ। ਨਾਮਧਾਰੀ ਪੰਥ ਦੇ ਬਹੁਤ ਹੀ ਸਤਿਕਾਰੇ ਅਤੇ ਸਨਮਾਨੇ ਹੋਏ ਹੋ ਗੁਜ਼ਰੇ ਹਨ ਸੰਤ ਚਤਰ ਸਿੰਘ ਜੀ ਚੁੱਪ, ਜਿੰਨ੍ਹਾ ਨੇ ਆਪਣਾ ਸਾਰਾ ਜੀਵਨ ਸਿਮਰਨ ਅਤੇ ਸੇਵਾ ਨੂੰ ਸਮਰਪਿਤ ਹੋ ਕੇ ਬਤੀਤ ਕੀਤਾ। ਉਹਨਾਂ ਦਾ ਸਮੁੱਚਾ

ਭਾਈਚਾਰਾ ਜੋ ਕਿ ਜਿਮੀਂਦਾਰਾਂ ਦੇ ਮਸ਼ਹੂਰ ਗੋਤ 'ਧੋਥੜ' ਨਾਲ ਸੰਬੰਧ ਰੱਖਦੇ ਹਨ। ਇਹਨਾ ਪਰਿਵਾਰਾਂ ਦੀ ਦਿਲੀਂ ਭਾਵਨਾ ਸੀ ਕਿ ਉਹਨਾਂ ਦੇ ਪਰਿਵਾਰਾਂ ਵਿੱਚੋਂ ਹੋ ਗੁਜ਼ਰੇ ਉਸ ਮਹਾਨ ਸਾਧੂ ਦੀ ਯਾਦ ਵਿੱਚ ਮੇਲਾ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਮਨਾਇਆ ਜਾਵੇ। ਸੰਗਤ ਦੀ ਅਰਜ਼ ਬੇਨਤੀ ਪ੍ਰਵਾਨ ਹੋਈ ਤੇ ਨਾਮਧਾਰੀ ਪੰਥ ਦੇ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸ਼੍ਰੀ ਭੈਣੀ ਸਹਿਬ ਤੋਂ ਸਵੇਰੇ 9 ਵਜੇ ਤੋਂ ਚੱਲ ਕੇ ਮਿਤੀ 14 ਨਵੰਬਰ 2024 ਦਿਨ ਵੀਰਵਾਰ ਨੂੰ ਪਿੰਡ ਖਾਨੇਵਾਲ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ਼੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਪੰਡਾਲ ਵਿੱਚ ਮੰਚ ਤੇ ਜਥੇਦਾਰ ਨਿਸ਼ਾਨ ਸਿੰਘ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਕਥਵਾਚਕ ਗੁਰਲਾਲ ਸਿੰਘ ਨੇ ਆਪਣੇ ਵਖਿਆਣ ਵਿੱਚ ਸੰਤ ਚਤਰ ਸਿੰਘ ਚੁੱਪ ਦੇ ਸਮੁੱਚੇ ਜੀਵਨ ਨੂੰ ਸੰਗਤ ਸਾਹਵੇਂ ਪੇਸ਼ ਕੀਤਾ। ਪਾਵਨ ਪਵਿੱਤਰ ਗੁਰਬਾਣੀ ਦੇ ਪਾਠਾਂ ਦੇ ਭੋਗ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਏ ਗਏ। ਇਲਾਕਾ ਨਿਵਾਸੀ ਸਾਧ ਸੰਗਤ 'ਧੋਥੜ' ਪਰਿਵਾਰ ਦੀ ਅਰਜ਼ ਬੇਨਤੀ ਤੇ ਹੁੰਮ ਹੁਮਾਂ ਕੇ ਇਸ ਮੇਲੇ ਵਿੱਚ ਹਾਜ਼ਰ ਹੋਈ। ਮੇਲੇ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ 'ਹਰਦੀਪ ਸਿੰਘ ਪੁੱਤਰ ਜਗੀਰ ਸਿੰਘ, ਰਣਜੀਤ ਸਿੰਘ ਪੁੱਤਰ ਅਨੂਪ ਸਿੰਘ, ਮਲਕੀਤ ਸਿੰਘ ਅਤੇ ਮਨਜੀਤ ਸਿੰਘ ਪੁੱਤਰ ਰਛਪਾਲ ਸਿੰਘ ਤੇ ਕੁਲਦੀਪ ਸਿੰਘ ਪੁੱਤਰ ਮੁਖਤਿਆਰ ਸਿੰਘਦੇ ਘਰਾਂ ਵਿੱਚ ਚਰਨ ਪਾਉਣ ਦੀ ਕਿਰਪਾ ਕੀਤੀ। ਸੰਤ ਚਤਰ ਸਿੰਘ ਚੁੱਪ ਦੀ ਯਾਦ ਵਿੱਚ ਮੇਲਾ ਬੇਸ਼ੱਕ ਸਮੁੱਚੇ ਧੋਥੜ ਪਰਿਵਾਰ ਵਲੋਂ ਕੀਤਾ ਗਿਆ ਸੀ ਪਰੰਤੂ ਇਸ ਲਈ ਵਿਸ਼ੇਸ਼ ਉਪਰਾਲਾ ਹਰਦੀਪ ਸਿੰਘ ਇਟਲੀ ਵਾਲੇ ਦਾ ਸੀ। ਪ੍ਰਸ਼ਾਦ ਪਾਣੀ ਛਕਣ ਉਪਰੰਤ ਸ੍ਰੀ ਸਤਿਗੁਰੂ ਜੀ ਅੱਜ ਦੇ ਦੌਰੇ ਦੇ ਅਗਲੇ ਪੜਾਅ ਲਈ ਚਾਲਾ ਪਾਉਂਦੇ ਹੋਏ ਵਾਇਆ ਮੂਨਕ, ਜਾਖਲ, ਫਤਿਆਬਾਦ ਹੁੰਦੇ ਹੋਏ ਸਿਰਸਾ ਸ਼ਹਿਰ ਵਿੱਚ ਆਣ ਪਧਾਰੇ।

.....................................................

## ਸਿਰਸਾ ਸ਼ਹਿਰ ਵਿਖੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਭੋਗ ਸਮਾਗਮ

ਇਲਾਕਾ ਸ਼੍ਰੀ ਜੀਵਨ ਨਗਰ ਵਿਖੇ ਸੰਤ ਨਗਰ ਦੇ ਸੂਬਾ ਧਰਮ ਸਿੰਘ ਜੀ ਦਾ ਸਮੁੱਚਾ ਪਰਿਵਾਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਵਿਸ਼ੇਸ਼ ਬਖਸ਼ਿਸ਼ਾਂ ਦਾ ਪਾਤਰ ਹੈ। ਜਿਹਨਾਂ ਪਰਿਵਾਰਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਚੇਚੇ ਤੋਰ ਤੇ ਨਿਵਾਜਿਆ ਹੈ, ਉਹਨਾਂ ਪਰਿਵਾਰਾਂ ਨੂੰ ਨਾਮਧਾਰੀ ਪੰਥ ਦੇ ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਉਚੇਚਾ ਪਿਆਰ ਬਖਸ਼ਦੇ ਹਨ। ਮੁਕਤਾ ਪਰਿਵਾਰ ਵਿੱਚੋਂ ਸਰਦਾਰ ਪੂਰਨ ਸਿੰਘ ਮੁਕਤਾ ਦੀ ਧਰਮ ਪਤਨੀ ਬੀਬੀ ਦਲਬੀਰ ਕੋਰ ਜੋ ਕਿ ਪਿਛਲੇ ਦਿਨੀਂ ਚੜਾਈ ਕਰ ਗਏ ਸਨ। ਉਹਨਾਂ ਦੀ ਯਾਦ ਵਿੱਚ ਭੋਗ ਸਮਾਗਮ ਸਮੇਂ ਮਿਤੀ 14 ਨਵੰਬਰ 2024 ਦਿਨ ਵੀਰਵਾਰ ਨੂੰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਸਿਰਸਾ ਸ਼ਹਿਰ ਵਿਖੇ ਸਰਦਾਰ ਪੂਰਨ ਸਿੰਘ ਮੁਕਤਾ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਦੇਣ ਸਮੇਂ ਜਥੇਦਾਰ ਗੁਰਲਾਲ ਸਿੰਘ ਭੈਣੀ ਸਾਹਿਬ ਦੀਵਾਨ ਸਜਾ ਰਹੇ ਸਨ। ਦੀਵਾਨ ਸਮਾਪਤੀ ਉਪਰੰਤ ਸਰਦਾਰ ਸੁਵਰਨ ਸਿੰਘ ਵਿਰਕ ਨੇ ਸਰਧਾਂਜਲੀ ਭੇਂਟ ਕਰਦੇ ਹੋਏ ਆਪਣੇ ਵਿਚਾਰ ਰੱਖੇ ਅਤੇ ਪੂਰੇ ਪਰਿਵਾਰ ਸੰਬੰਧੀ ਜਾਣਕਾਰੀ ਸੰਗਤ ਸਾਂਹਵੇਂ ਪੇਸ਼ ਕੀਤੀ।ਪਾਵਨ ਪਵਿੱਤਰ ਗੁਰਬਾਣੀ ਦੇ ਪਾਠ ਦਾ ਭੋਗ ਬੀਬੀ ਬਲਬੀਰ ਕੌਰ ਜੀ ਨਮਿਤ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਪਾਇਆ ਗਿਆ। ਘਰ ਪਰਿਵਾਰ ਨੂੰ ਦਰਸ਼ਨ ਦੇਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸ. ਧਿਆਨ ਸਿੰਘ ਮੁਕਤਾ ਨੂੰ ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇ ਕੇ ਨਿਵਾਜਿਆ। ਏਥੇ ਹੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲੰਬਾ ਸਮਾਂ ਕੋਠੀ ਵਿੱਚ ਲੰਗਰ ਦੀ ਸੇਵਾ ਕਰਨ ਵਾਲੇ ਬੀਬੀ ਸਵਰਨ ਕੋਰ ਪਤਨੀ ਸੰਤ ਸ਼ਿੰਗਾਰਾ ਸਿੰਘ ਨੂੰ ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਭਾਈ ਘਨਈਆ ਯਾਦਗਾਰੀ ਟ੍ਰਸਟ ਦੇ ਚੇਅਰਮੈਨ ਸ. ਗੁਰਵਿੰਦਰ ਸਿੰਘ ਪੁੱਤਰ ਸ. ਜੋਗਿੰਦਰ ਸਿੰਘ ਜੋ ਕਿ ਇੱਕ ਸੜਕ ਹਾਦਸੇ ਵਿੱਚ ਗੰਭਰਿ ਜਖਮੀਂ ਹੋ ਗਏ ਸਨ, ਉਹਨਾਂ ਦੇ ਗ੍ਰਹਿ ਵਿਖੇ ਦਰਸ਼ਨ ਦੇ ਕੇ ਨਿਵਾਜਿਆ। ਏਥੋਂ ਹੀ ਸ੍ਰੀ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਵਾਪਸੀ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

.....................................................

## ਬਾਬਾ ਜਸਵੰਤ ਸਿੰਘ ਜੀ ਸਥਾਨ ਨਾਨਕਸਰ ਲੁਧਿਆਣਾ ਵਿਖੇ ਸਤਿਗੁਰੂ ਜੀ ਦੇ ਦਰਸ਼ਨ

ਸਿੱਖ ਸਮਾਜ ਦੀ ਬਹੁਤ ਹੀ ਸਤਿਕਾਰਯੋਗ ਸਖਸ਼ੀਅਤ ਸਨ ਬਾਬਾ ਜਸਵੰਤ ਸਿੰਘ ਜੀ ਲੁਧਿਆਣਾ ਵਾਲੇ ਜਿਹਨਾਂ ਆਪਣਾ ਵਰੋਸਾਇਆ ਸਥਾਨ ਸ਼ਹਿਰ ਲੁਧਿਾਣਾ ਦੇ ਸਮਰਾਲਾ ਚੋਂਕ ਵਿਖੇ ਬਹੁਤ ਸੁੰਦਰ ਗੁਰਦੁਆਰਾ ਨਾਨਕਸਰ

ਸਾਹਿਬ ਹੈ। ਮਾਨਵਤਾ ਦੇ ਭਲੇ ਲਈ ਕੀਤੇ ਗਏ ਕਾਰਜਾਂ ਕਰਕੇ ਸੰਤ ਬਾਬਾ ਜਸਵੰਤ ਸਿੰਘ ਜੀ ਦਾ ਨਾਮ ਕਿਸੇ ਵੀ ਜਾਣ- ਪਹਿਚਾਣ ਦਾ ਮੁਹਥਾਜ ਨਹੀਂ ਹੈ। ਸੰਤ ਬਾਬਾ ਜਸਵੰਤ ਸਿੰਘ ਜੀ ਦੀਆਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਬਹੁਤ ਭਰੀਆਂ ਸਾਝਾਂ ਸਨ ਅਤੇ ਉਹ ਅਕਸਰ ਹੀ ਸ਼੍ਰੀ ਭੈਣੀ ਸਾਹਿਬ ਵਿਖੇ ਹੋਣ ਵਾਲੇ ਸਮਾਗਮਾਂ ਸਮੇਂ ਦਰਸ਼ਨ ਦੇਣ ਦੀ ਕਿਰਪਾ ਕਰਦੇ ਸਨ। ਸੰਤ ਬਾਬਾ ਜਸਵੰਤ ਸਿੰਘ ਜੀ ਦੇ ਅਕਾਲ ਚਲਾਣੇ ਤੋਂ ਬਾਅਦ ਉਹਨਾਂ ਦੇ ਜਾਂਨਸ਼ੀਨ ਅਤੇ ਇਸ ਸਥਾਨ ਦੇ ਮੁਖੀ ਹਨ ਸੰਤ ਬਾਬਾ ਅਨਹਦ ਰਾਜ ਸਿੰਘ ਜੀ ਜੋ ਬਹੁਤ ਹੀ ਮਿਲਾਪੜੇ ਸੁਭਾਅ ਦੇ ਮਾਲਕ ਹਨ।

ਸੰਤ ਬਾਬਾ ਅਨਹਦ ਰਾਜ ਸਿੰਘ ਜੀ ਆਪਣੇ ਪੁਰਖਿਆਂ ਦੇ ਪਾਏ ਹੋਏ ਪੂਰਨਿਆਂ ਤੇ ਚੱਲਦੇ ਹੋਏ ਆਪਣੀ ਨਾਮਧਾਰੀ ਪੰਥ ਪ੍ਰਤੀ ਪਿਆਰ ਭਰੀ ਸਾਂਝ ਨੂੰ ਅੱਗੇ ਤੋਰਦੇ ਹੋਏ ਪਿਛਲੇ ਦਿਨੀਂ ਹੋਏ ਸ਼੍ਰੀ ਭੈਣੀ ਸਾਹਿਬ ਵਿਖੇ ਸਰਬ ਧਰਮ ਸੰਮੇਲਨ ਸਮੇਂ ਦਰਸ਼ਨ ਦੇ ਚੁੱਕੇ ਹਨ। ਬਾਬਾ ਅਨਹਦ ਰਾਜ ਸਿੰਘ ਜੀ ਦੇ ਬੇਨਤੀ ਕਰਨ ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਨਾਨਕਸਰ ਵਿਖੇ ਹੋਏ ਮਹਾਨ ਸਮਾਗਮ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ।

ਸ੍ਰੀ ਸਤਿਗੁਰੂ ਜੀ ਜਦੋਂ ਇਸ ਅਸਥਾਨ ਤੇ ਪਧਾਰੇ ਤਾਂ ਪਵਿੱਤਰ ਗੁਰਬਾਣੀ ਦੇ ਅਖੰਡ ਪਾਠਾਂ ਦਾ ਪ੍ਰਵਾਹ ਚੱਲ ਰਿਹਾ ਸੀ। ਕੁਝ ਸਮਾਂ ਗੁਰਬਾਣੀ ਦੇ ਇਸ ਚੱਲ ਰਹੇ ਪ੍ਰਵਾਹ ਦਾ ਆਨੰਦ ਮਾਨਣ ਉਪਰੰਤ ਸ੍ਰੀ ਸਤਿਗੁਰੂ ਜੀ ਨੇ ਸੰਤਾਂ ਦੇ ਨਿਵਾਸ ਅਸਥਾਨ ਤੇ ਦਰਸ਼ਨ ਦਿੱਤੇ ਤਾਂ ਸੰਤ ਬਾਬਾ ਅਨਹਦ ਰਾਜ ਸਿੰਘ ਜੀ ਨੇ ਬਹੁਤ ਹੀ ਪਿਆਰ ਅਤੇ ਸਨੇਹ ਨਾਲ ਸਤਿਗੁਰੂ ਜੀ ਦਾ ਆਦਰ ਸਤਿਕਾਰ ਕੀਤਾ। ਸੰਤ ਬਾਬਾ ਅਨਹਦ ਰਾਜ ਸਿੰਘ ਜੀ ਨੇ ਬਚਨ ਕੀਤਾ ਕਿ ਵੱਡਿਆਂ ਦਾ ਇਸ ਤਰ੍ਹਾਂ ਆਦਰ ਸਤਿਕਾਰ ਕਰਨਾ ਸਾਡੇ ਬਜੁਰਗਾਂ ਨੇ ਸਾਨੂੰ ਸਿਖਾਇਆ ਹੈ। ਕੁਝ ਸਮਾਂ ਰੁਕ ਕੇ ਪ੍ਰੇਮਾਂ ਭਰੇ ਬਚਨ ਬਿਲਾਸ ਕਰਨ ਉਪਰੰਤ ਸ੍ਰੀ ਸਤਿਗੁਰੂ ਜੀ ਵਾਪਸੀ ਲਈ ਪਧਾਰੇ ਤਾਂ ਸੰਤ ਬਾਬਾ ਅਨਹਦ ਰਾਜ ਸਿੰਘ ਜੀ ਸ੍ਰੀ ਸਤਿਗੁਰੂ ਜੀ ਨੂੰ ਗੱਡੀ ਤੱਕ ਬੜੇ ਪਿਆਰ ਨਾਲ ਵਿਦਾ ਕਰਨ ਆਏ। ਇਸ ਸਾਰੇ ਪ੍ਰੋਗਰਾਮ ਦੀ ਰੂਪਰੇਖਾ ਸੂਬਾ ਹਰਭਜਨ ਸਿੰਘ ਜੀ ਨੇ ਤਿਆਰ ਕੀਤੀ ਅਤੇ ਸਾਰੇ ਪ੍ਰੋਗਰਾਮ ਨੂੰ ਨੇਪਰੇ ਚਾੜਿਆ।

**ਸੂਬਾ ਬਲਵਿੰਦਰ ਸਿੰਘ ਝੱਲ**

.......................................................................

## ਸਵ. ਮਾਤਾ ਸਵਰਨ ਕੌਰ ਵਿਰਕ ਨਮਿਤ ਪਾਠ ਦਾ ਭੋਗ

ਇਤਿਹਾਸਿਕ ਨਗਰ ਬੀੜ ਗੁਰੂ ਕਾ (ਸ੍ਰੀ ਫਤਹਿਗੜ੍ਹ ਸਾਹਿਬ) ਨਾਲ ਸੰਬੰਧਿਤ ਵਿਰਕ ਪਰਿਵਾਰ ਦੇ ਮੁਖੀ ਸ. ਚੰਨਣ ਸਿੰਘ ਵਿਰਕ ਦੀ ਪਤਨੀ ਅਤੇ ਸਾਬਕਾ ਸਰਪੰਚ ਸ. ਅਤਰ ਸਿੰਘ ਵਿਰਕ ਦੀ ਭਰਜਾਈ, ਬੀਬੀ ਸਵਰਨ ਕੌਰ ਅਚਾਨਕ ਸਦੀਵੀ ਵਿਛੋੜਾ ਦੇ ਗਏ ਸਨ। ਉਹਨਾਂ ਨਮਿਤ ਸ੍ਰੀ ਸਜਿਹ ਪਾਠ ਦੇ ਭੋਗ ਪਾਏ ਗਏ ਅਤੇ ਉਪਰੰਤ ਜਥੇਦਾਰ ਪਾਲਾ ਸਿੰਘ ਸ੍ਰੀ ਭੈਣੀ ਸਾਹਿਬ ਵਾਲਿਆਂ ਦੀਵਾਨ ਰਾਹੀਂ ਸਮੂਹ ਸਾਧ ਸੰਗਤ ਨੂੰ ਸਿੱਖੀ ਰਹਿਤ ਮਰਿਯਾਦਾ ਦੇ ਧਾਰਨੀ ਬਨਣ ਅਤੇ ਗੁਰੂ ਚਰਨਾਂ ਵਿੱਚ ਵਿਸ਼ਵਾਸ਼ ਰੱਖਣ ਲਈ ਪ੍ਰੇਰਿਤ ਕੀਤਾ।

ਸਰਧਾਂਜਲੀ ਸਮਾਗਮ ਵਿੱਚ ਬੋਲਦਿਆਂ ਸ. ਬਲਜੀਤ ਸਿੰਘ ਚੈਅਰਮੈਨਂ ਨੇ ਦੱਸਿਆ ਕਿ ਬੀਬੀ ਜੀ ਸੇਵਾ, ਸਿਮਰਨ ਅਤੇ ਸਭ ਦਾ ਸਤਿਕਾਰ ਕਰਨ ਵਾਲੇ ਗੁਰਸਿੱਖ ਔਰਤ ਸਨ। ਸਮਾਗਮ ਵਿੱਚ ਸ. ਜਗਮੋਹਨ ਸਿੰਘ ਟਮਕੌਦੀ ਨੇ ਸਰਧਾਂਜਲੀ ਭੇਂਟ ਕਰਦਿਆਂ ਦੱਸਿਆ ਕਿ ਵਿਰਕ ਪਰਿਵਾਰ ਸ੍ਰੀ ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਹਾਜ਼ਰਾ ਹਜ਼ੂਰ ਜੀ ਦੀਆਂ ਬਖਸ਼ਿਸ਼ਾਂ ਸਦਕਾ ਸੇਵਾ, ਸਮਾਜ, ਆਪਸੀ ਏਕਤਾ, ਖੇਤੀਬਾੜੀ ਅਥੇ ਰਾਜਨੀਤਿਕ ਖੇਤਰ ਵਿੱਚ ਵਿਲੱਖਣ ਥਾਂ ਰੱਖਦਾ ਹੈ, ਜਿਸ ਨੂੰ ਸਹੀ ਸੇਧ ਦੇਣ ਲਈ ਮਾਤਾ ਸਵਰਨ ਕੌਰ ਜੀ ਦਾ ਵਡਮੁੱਲਾ ਯੋਗਦਾਨ ਰਿਹਾ ਹੈ। ਸਮਾਗਮ ਵਿੱਚ ਸ. ਦੀਦਾਰ ਸਿੰਘ ਭੱਟੀ ex. M. L. A. ਸ. ਅਜੇ ਸਿੰਘ ਲਿਬੜਾ ਚੈਅਰਮੈਨ ਸ. ਅਮਰਿੰਦਰ ਸਿੰਘ ਲਿਬੜਾ, ਸ. ਕਰਨੈਲ ਸਿੰਘ ਪੰਜੋਲੀ s.g.p.c. ਮੈਂਬਰ, ਸਰਦਾਰ ਗੁਰਪ੍ਰੀਤ ਸਿੰਘ ਭੱਟੀ, ਸੰਤ ਬਾਬਾ ਅਵਤਾਰ ਸਿੰਘ ਜੀ ਭੂਰੀ ਵਾਲੇ, ਸੰਤ ਬਾਬਾ ਗੁਰਪ੍ਰੀਤ ਸਿੰਘ ਜੀ ਰੰਧਾਵੇ ਵਾਲੇ।

ਨੰਬਰਦਾਰ ਬਲਵਿੰਦਰ ਸਿੰਘ ਕੁੰਜਾਰੀ, ਸ. ਕਰਨਵੀਰ ਸਿੰਘ ਛੀਨਾ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਵਿਸ਼ੇਸ਼ ਤੌਰ ਤੇ ਪੁੱਜੇ। ਪਰਿਵਾਰ ਵਲੋਂ ਸ. ਅਰਜਨ ਸਿੰਘ ਵਿਰਕ ਅਤੇ ਸ. ਜਗਦੀਪ ਸਿੰਘ ਵਿਰਕ ਨੇ ਸਮੂਹ ਸੰਗਤਾਂ, ਪੰਚਾਂ, ਸਰਪੰਚਾ, ਰਾਜਨੀਤਿ ਤੇ ਧਾਰਮਿਕ ਸਖਸ਼ੀਅਤਾਂ ਦਾ ਧੰਨਵਾਦ ਕੀਤਾ।

**ਜਗਮੋਹਨ ਸਿੰਘ ਕੰਗ**

.......................................................................

## ਨਿਊਜ਼ੀਲੈਂਡ ਦੇ ਨੋਜਵਾਨਾਂ ਵਲੋਂ ਅਖੰਡ ਪਾਠ

ਸ੍ਰੀ ਸਤਿਗੁਰੂ ਨਾਨਕ ਦੇਵ ਜੀ ਅਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਪ੍ਰਕਾਸ਼ ਪੂਰਬ ਦੀ ਖੁਸ਼ੀ ਵਿੱਚ ਨਿਊਜੀਲੈਂਡ ਦੇ ਨੌਜਵਾਨਾਂ ਵਲੋਂ ਇੱਕ ਅਖੰਡ ਪਾਠ ਕੀਤਾ ਗਿਆ। ਅਖੰਡ ਪਾਠ 15 ਨਵੰਬਰ ਨੂੰ ਆਰੰਭ ਹੋਇਆ ਅਤੇ 17 ਨਵੰਬਰ ਨੂੰ ਭੋਗ ਪਾਇਆ ਗਿਆ। ਇਸ ਵਿੱਚ ਰੌਲ ਲਾਉਣ ਵਾਲੇ ਨੌਜਵਾਨਾਂ ਦੇ ਨਾਮ ਇਸ ਤਰ੍ਹਾਂ ਹਨ- ਗੁਰਸੇਵਕ ਸਿੰਘ, ਕਰਮਵੀਰ ਸਿੰਘ, ਗੁਰਸ਼ਰਨ ਸਿੰਘ, ਸਤਿਨਾਮ



ਸਿੰਘ, ਗਗਨਪ੍ਰੀਤ ਸਿੰਘ ਪੰਜੇ ਨੌਜਵਾਨ ਵਜੀਦਪੁਰ ਪਿੰਡ ਤੋਂ ਗੁਰਮੁਖ ਸਿੰਘ ਦਿੱਲੀ, ਕਰਮ ਸਿੰਘ ਲੁਧਿਆਣਾ, ਰੇਸ਼ਮ ਸਿੰਘ ਅੰਮ੍ਰਿਤਸਰ, ਜੈਤਾ ਸਿੰਘ ਜਲੰਧਰ ਅਤੇ ਸ੍ਰੀ ਭੈਣੀ ਸਾਹਿਬ ਤੋਂ ਵਰਿੰਦਰ ਸਿੰਘ ਅਤੇ ਵੀਰ ਸਿੰਘ ਨੇ ਸੇਵਾ ਨਿਭਾਈ। ਇਸ ਤੋਂ ਬਿਨ੍ਹਾ ਹੋਰ ਸਾਧ-ਸੰਗਤ ਨੇ ਵੱਖ ਵੱਖ ਸੇਵਾ ਨਿਭਾਈਆਂ। ਭੋਗ ਵਾਲੇ ਦਿਨ ਸ੍ਰੀ ਸਤਿਗੁਰੂ ਜੀ ਨੇ ਆਪਣਾ ਔਨਲਾਇਨ ਪਾਵਨ ਪਵਿੱਤਰ ਉਪਦੇਸ਼ ਦੇ ਨੌਜਵਾਨਾਂ ਨੂੰ ਉਤਸ਼ਾਹਿਤ ਕੀਤਾ ਤੇ ਸ਼ਾਬਾਸ਼ੀ ਦਿੱਤੀ ਤੇ ਸਤਿਗੁਰੂ ਜੀ ਹੁਕਮ ਕੀਤਾ-

"ਜੀਅ ਕਰਦਾ ਹੈ ਕਿ ਨਿਊਜੀਲੈਂਡ ਦੇ ਤੁਸੀਂ ਸਾਰੇ ਨਾਮਧਾਰੀ ਨੌਜਵਾਨ ਅਖੰਡ ਪਾਠੀ ਬਣੋ, ਪਾਠ ਸਿੱਖੋਂ ਅਤੇ ਸ਼ੁੱਧ ਪਾਠ ਕਰੋ"

ਭੋਗ ਵਾਲੇ ਦਿਨ ਗੁਰੂ ਕਾ ਲੰਗਰ ਅਤੁੱਟ ਵਰਤਿਆ।

**ਸੰਪਾਦਕ**

.................................................................

## Matrimonial

**Ramghariya Boy**
Age - 28
Height - 5'10"
Education- Btech( Mech ) , MBA
Goth - Sura
Siblings - Elder Sister Married ( USA )
Younger Brother ( Canada )
Occupation - Timber/Plywood Businessman
Mobile Number- 9815532386

.................................................................

## ਜ਼ਰੂਰੀ ਸੂਚਨਾ

### 101 ਅਖੰਡ ਪਾਠਾਂ ਦਾ ਪ੍ਰਵਾਹ

**1 ਤੋਂ 9 ਮਾਰਚ 2025 ਈ. ਨੂੰ ਸ੍ਰੀ ਭੈਣੀ ਸਾਹਿਬ 101 ਅਖੰਡ ਪਾਠਾਂ ਦੀ ਲੜੀ ਆਰੰਭ ਹੋਵੇਗੀ।**

**ਸ੍ਰੀ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਸੰਗਤ ਇਸ ਮਹਾਨ ਸਮਾਗਮ ਵਿੱਚ ਵੱਧ ਚੜ੍ਹ ਕੇ ਹਿੱਸਾ ਲਵੇ। ਗੁਰੂ ਕੀਆਂ ਖੁਸ਼ੀਆਂ ਪ੍ਰਾਪਤ ਕਰੇ।**

**ਵਧੇਰੇ ਜਾਣਕਾਰੀ ਲਈ**
**9463010382**
**9465352700**

# ਅਨੰਦ ਕਾਰਜ

ਮਿਤੀ: 17.11.2024, ਸਥਾਨ: ਸ੍ਰੀ ਭੈਣੀ ਸਾਹਿਬ















Date of Publication: 06 December 2024
Date of Posting: 08 December 2024

RNI NO.55658/93
LDM/008/2021-2023

# ਸ੍ਰੀ ਸਤਿਗੁਰੂ ਜੀ ਨਾਲ ਸੰਗੀਤਕ ਹਸਤੀਆਂ

ਮਿਤੀ: 15.11.2024 ਤੋਂ 17.11.2024, ਸਥਾਨ: ਸ੍ਰੀ ਭੈਣੀ ਸਾਹਿਬ















Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.